ਵਰਿਆਮ

ਸਤੰਬਰ ੧੯੯੦

੧/੫੦

ਇਸ ਅੰਕ ਵਿਚ :

ਨਾਮਧਾਰੀ ਸ਼ਹੀਦੀ ਕਾਂਡ ਅਮ੍ਰਿਤਸਰ ੧੫ ਸਤੰਬਰ ੧੮੭੧ ਨੂੰ ਅਮ੍ਰਿਤਸਰ ਵਿਚ ਰਾਮ ਬਾਗ ਦੇ ਇਕ ਬੋਹੜ ਹੇਠਾਂ ਚਾਰ ਨਾਮਧਾਰੀ ਸਿੰਘਾਂ ਨੂੰ ਸ਼ਰੇ-ਆਮ ਫਾਂਸੀ ਤੇ ਲਟਕਾਇਆ ਗਿਆ ਸੀ। ਅੰਗਰੇਜ਼ੀ ਸਰਕਾਰ ਵਿਰੁਧ ਲੜਣ ਵਾਲੇ ਗਊ-ਗਰੀਬ ਦੇ ਰਖਿਅਕ ਪਹਿਲੇ ਸ਼ਹੀਦਾਂ ਸਬੰਧੀ ਸ: ਨਾਹਰ ਸਿੰਘ ਜੀ ਦਾ ਲਿਖਿਆ ਵਿਸਤ੍ਰਿਤ ਲੇਖ।

ਪੰਡਤ ਰਮਾਂ ਕਾਂਤ

ਪਜਾਬ ਦੇ ਉਘੇ ਤਬਲਾ ਕਲਾਕਾਰ ਨਾਲ ਸੰਪਾਦਕ ਵਰਿਆਮ ਦੀ ਵਿਸ਼ੇਸ਼ ਇੰਟਰਵੀਊ

ਵਗਦੇ ਪਾਣੀ :—ਜਸਵੰਤ ਸਿੰਘ ਵਿਰਦੀ ਦੇ ਲੜੀ ਵਾਰ ਫੀਚਰ ਵਿਚ ਇਸ ਵਾਰ ਪ੍ਰਾਚੀ ਸਰਸਵਤੀ ਨਦੀ ਬਾਰੇ ਰੋਚਕ ਲੇਖ।

ਬੀਤੇ ਦੀਆਂ ਪੈੜਾਂ : ਪ੍ਰੀਤਮ ਸਿੰਘ ਕਵੀ ਦੁਆਰਾ ਲਿਖਤ ਲੜੀ ਵਾਰ ਫੀਚਰ।

ਬਿਜਲੀ ਮਹਾਦੇਓ . ਪ੍ਰੀਤਮ ਸਿੰਘ ਕਵੀ ਦਾ ਰੋਚਕ ਲੇਖ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

—ਸਕ

ਵਰਿਆਮ

ਸਤੰਬਰ
੧੯੯੦

ਲਦ ਨੰ: ੫ ਅੰਕ ਨੰ: ੧੧

ਸੰਪਾਦਕ । ਜਗਦੀਸ਼ ਸਿੰਘ

ਲਿ ਪ੍ਰਤੀ ਕਾਪੀ । ੧-੫੦ ਰੁਪਿਆ
ਨਾ ਚੰਦਾ ਦੇਸ : ੧੫ ਰੁਪਏ

,, ਵਿਦੇਸ਼ : ੩੦ ਰੁਪਏ (ਸਮੁੰਦਰੀ ਡਾਕ ਰਾਹੀਂ)
,, ਵਿਦੇਸ਼ : ੧੦੦ ਰੁਪਏ (ਹਵਾਈ ਡਾਕ ਰਾਹੀਂ)
ਫ ਮੈਂਬਰਸ਼ਿਪ । ੨੦੦ ਰੁਪਏ ਕੇਵਲ ਦੇਸ ਵਿਚ

ਤਰ ਦਾ ਪਤਾ :
ਸਕ ਵਰਿਆਮ,
ਡੋਵਾਲੀ ਰੋਡ
ਲੰਧਰ--੧੪੪੦੦੧.
ਨ : ੭੨੫੦੪ ਪੀ. ਪੀ.

Office Address
Monthly WARIAM
(Punjabi)
Ladowali Road
Jullundur-144001
Phone : 72504 P P.

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਫਰਚ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਵਹਿਮੀ ਸਮਾਗਮ

ਸੰਤ ਤਰਨ ਸਿੰਘ ਵਹਿਮੀ ਜੀ ਬਾਰੇ ਅਸੀਂ ਜੁਲਾਈ ਵਿਚ ਵਰਿਆਮ ਦਾ ਅੰਕ ਕਢਿਆ ਸੀ ਜਿਸ ਦੁਆਰਾ ਬਹੁਤ ਹੀ ਸੰਖੇਪ ਜਿਹੀ ਗਲ ਅਸੀਂ ਕਰ ਸਕੇ ਸਾਂ। ੩ ਅਗਸਤ ਨੂੰ ਉਹਨਾਂ ਦੇ ਪਿੰਡ ਰਾਮਪੁਰ (ਸਰਸਾ) ਵਿਚ ਉਹਨਾਂ ਦੀ ਦੂਸਰੀ ਬਰਸੀ ਦੇ ਸਬੰਧ ਵਿਚ ਇਕ ਬਹੁਤ ਵਡਾ ਮੇਲਾ ਹੋਇਆ ਸੀ ਜਿਸ ਵਿਚ ਸਾਰਾ ਦਿਨ ਹੀ, ਆਸਾ ਦੀ ਵਾਰ ਦੇ ਕੀਰਤਨ ਤੋਂ ਲੈ ਕੇ ਹਲੇ ਦੇ ਦੀਵਾਨ ਕਵੀਸ਼ਰਾਂ ਦੇ ਦੀਵਾਨ ਕਵੀ ਦਰਬਾਰ, ਰਾਗੀਆਂ ਦਾ ਕੀਰਤਨ ਅਤੇ ਸ਼ਰਧਾਂਜਲੀਆਂ ਦਾ ਪ੍ਰੋਗਰਾਮ ਹੋਇਆ ਸੀ। ਪਰਿਵਾਰ ਵਲੋਂ ਵਰਦੇ ਮੀਂਹ ਵਿਚ ਇਹ ਸਾਰਾ ਪ੍ਰੋਗਰਾਮ ਵੀ ਸਿਰੇ ਚਾੜਿਆ ਗਿਆ ਲੰਗਰ ਪਾਣੀ ਦਾ ਪ੍ਰੋਗਰਾਮ ਵੀ ਖੁਲਾ ਚਲਦਾ ਰਿਹਾ ਅਤੇ ਪਾਠ ਦਾ ਭੋਗ ਵੀ ਪਾਇਆ ਗਿਆ। ਤਗੜਾ ਖਰਚ ਇਸ ਮੰਤਵ ਵਾਸਤੇ ਕੀਤਾ ਗਿਆ ਸੀ। ਕਿਸੇ ਲੇਖਕ ਦੀ ਯਾਦ ਵਿਚ ਸਾਲਾਨਾ ਸਮਾਗਮ ਕਰਨਾ ਬੜੀ ਹੀ ਚੰਗੀ ਪਿਰਤ ਹੈ। ਵਹਿਮੀ ਜੀ ਖੁਸ਼ ਕਿਸਮਤ ਸਨ ਕਿ ਉਹਨਾਂ ਦੇ ਪਰਿਵਾਰ ਨੂੰ ਉਹਨਾਂ ਦੀ ਲਖਤਾ ਹੈ। ਪਰਿਵਾਰ ਵਾਲੇ ਸਮਰਥ ਵੀ ਹਨ ਜਿਸ ਕਰਕੇ ਵਡਾ ਖਰਚ ਕਰਕੇ ਅਜਿਹਾ ਸਾਲਾਨਾ ਪ੍ਰੋਗਰਾਮ ਉਹਨਾਂ ਰਖਿਆ ਹੋਇਆ ਹੈ।

ਪਰ ਇਸ ਸਬੰਧ ਵਿਚ ਅਸੀਂ ਸੁਝਾਅ ਦਿਆਂਗੇ ਕਿ ਜੇ ਉਹ ਹਰ ਸਾਲ ਖਰਚ ਕਰਨ ਨੂੰ ਤਿਆਰ ਹਨ ਤਾਂ ਇਸ ਮੇਲੇ ਨੂੰ ਹੋਰ ਵੀ ਸਾਰਥਕ ਬਣਾਇਆ ਜਾ ਸਕਦਾ ਹੈ। ਵਹਿਮੀ ਜੀ ਦੀ ਘਾਲਣਾ ਦੇ ਨਾਲ ਨਾਲ ਹੋਰ ਵੀ ਲੇਖਕਾਂ ਨੂੰ ਯਾਦ ਕੀਤਾ ਜਾ ਸਕਦਾ ਹੈ। ਸਾਲਾਨਾ ਪੁਰਸਕਾਰ ਵੀ ਰਖਿਆ ਜਾ ਸਕਦਾ ਹੈ ਅਤੇ ਗੋਸ਼ਟੀ ਵੀ ਹੋ ਸਕਦੀ ਹੈ ਅਤੇ ਕਾਫੀ ਕੁਝ ਪ੍ਰਕਾਸ਼ਤ ਵੀ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਸੋਚਿਆ ਜਾ ਸਕਦਾ ਹੈ।

ਇਸ ਨਾਲ ਜਿਥੇ ਵਹਿਮੀ ਜੀ ਦੀ ਯਾਦ ਸਦੀਵੀ ਰਹੇਗੀ ਉਥੇ ਵਡਮੁਲੀ ਸਾਹਿਤਕ ਸੇਵਾ ਵੀ ਪਰਿਵਾਰ ਕਰ ਸਕੇਗਾ। ਭਾਵੇ ਵਹਿਮੀ ਜੀ ਦਾ ਸਮਾਜਕ ਦਰਜਾ ਕਿਨਾਂ ਵੀ ਉਚਾ ਹੋਵੇ ਪਰ ਉਹਨਾਂ ਦੀ ਸਥਾਪਤੀ ਇਕ ਕਵੀ ਜਾਂ ਲੇਖਕ ਵਜੋਂ ਹੀ ਸੀ। ਇਸ ਵਾਸਤੇ ਉਹਨਾਂ ਨੂੰ ਵਡੀ ਸ਼ਰਧਾਂਜਲੀ ਸਾਹਿਤਕ ਪਧਰ ਤੇ ਹੀ ਹੋਵੇਗੀ।

—ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

ਅੰਮ੍ਰਿਤਸਰ ਦੀ ਵਾਰ

—ਅਜੀਤ ਸਿੰਘ ਚੀਮਾ

ਅਮ੍ਰਿਤਸਰ ਪੰਜਾਬ ਦਾ ਇਕ ਸ਼ਹਿਰ ਸੁਹਾਣਾ
ਰਾਮਦਾਸ ਪੁਰਾ ਇਤਹਾਸ ਵਿਚ ਇਦਾ ਨਾਂ ਪੁਰਾਣਾ
ਮਿਲਦਾ ਏਥੇ ਸਭ ਨੂੰ ਜਿਦਾ ਨਹੀਂ ਟਿਕਾਣਾ
ਏਥੇ ਸ਼ਾਂਤੀ ਮਿਲਦੀ ਮੂਰਖਾਂ ਪਾਪੀ ਅਣਜਾਣਾਂ
ਰਾਮ ਦਾਸ ਗੁਰੂ ਪਾਤਸ਼ਾਹ ਜਿਦੀ ਨੀਂਹ ਉਸਾਰੀ
ਪੂਰਾ ਕੀਤਾ ਇਸ ਨੂੰ ਅਰਜਨ ਉਪਕਾਰੀ
ਏਥੇ ਵਸਣ ਹਿੰਦੂ ਮੁਸਲਮਾਨ ਤੇ ਸਿਖ ਈਸਾਈ
ਰਹਿੰਦੀ ਨਾਲ ਪਿਆਰ ਦੇ, ਸੀ ਕੁਲ ਲੁਕਾਈ
ਡਾਲੀ ਆ ਅੰਗਰੇਜ਼ ਨੇ, ਨਫਰਤ ਦੀ ਲਾਈ
ਵੈਰੀ ਬਣ ਗਏ ਪਲਾਂ ਵਿਚ, ਭਾਈਆਂ ਦੇ ਭਾਈ
ਬਣੇ ਬੇਗਾਨ ਆਪਣੇ, ਆਪਣੇ ਬੇਗਾਨੇ
ਥਾਂ ਥਾਂ ਖੋਲ ਗੋਰਿਆਂ, ਆ ਬੂਚੜ ਖਾਨੇ
ਇਕ ਬੂਚੜਖਾਨਾ ਖੋਲਿਆ, ਹਰ ਮੰਦਰ ਲਾਗੇ
ਉਨ੍ਹਾਂ ਹਿੱਕ ਤੇ ਦੀਵਾ ਬਾਲਿਆ, ਜੋ ਦਿਲ ਨੂੰ ਦਾਗੇ
ਸੜ ਗਏ ਭਾਗ ਪੰਜਾਬ ਦੇ, ਬਣ ਗਏ ਅਭਾਗ
ਕੋਈ ਅਣਖੀ ਪੁਤਰ ਹਿੰਦ ਦਾ, ਅੱਜ ਸੁਤਾ ਜਾਗੇ
ਰਾਜੇ ਧਨੀ ਜਾਗੀਰਦਾਰ, ਕਰ ਗਏ ਗਦਾਰੀ
ਉਹ ਕੌਮ ਨੂੰ ਧੋਖਾ ਦੇ ਗਏ, ਲੈ ਕੇ ਸਰਦਾਰੀ
ਭਾਰਤ ਮਾਂ ਇਸ ਦੁਖ ਨਾਲ ਡਾਢੀ ਘਬਰਾਈ
ਪਰ ਬੇਅਣਖਾਂ ਤੇ ਬੁਜ਼ਦਿਲਾਂ ਨੂੰ ਅਣਖ ਨਾ ਆਈ
ਕੁਝ ਕੂਕੇ ਸਿੰਘਾ ਰਲ ਕੇ ਇਕ ਬਣਤ ਬਣਾਈ
ਉਨ੍ਹਾ ਮੀਟਿੰਗ ਅੰਮ੍ਰਿਤਸਰ ਵਿਚ ਇਕ ਗੁਪਤ ਬੁਲਾਈ
ਏਥ ਖੂਨ ਕਿਸੇ ਸ਼ਹੀਦ ਦਾ ਧਰਤੀ ਤੇ ਵਹਿਣਾ
ਏ ਬੁਰਜ ਕੁਫਰ ਤੇ ਪਾਪ ਦਾ, ਤਾਂ ਹੀ ਹੈ ਢਹਿਣਾ
ਲਹਿਣਾ ਸਿੰਘ ਉਠ ਆਖਿਆ ਅਸੀ ਮੌਤ ਵਪਾਰੀ
ਸਾਨੂੰ ਮਰਦ ਮੁਜਾਹਦ ਸਮਝਦੀ, ਸੀ ਦੁਨੀਆਂ ਸਾਰੀ
ਅਸੀਂ ਸੀਸ ਵਾਰੀਏ ਗੈਰ ਲਈ, ਬਣ ਪਰ ਉਪਕਾਰੀ
ਅੱਜ ਅਣਖ ਉਡਾਰੀ ਲਾ ਗਈ, ਕੌਮ ਚੋਂ ਸਾਰੀ
ਜੇ ਹੁੰਦੀ ਰਹੀ ਬੇਹੁਰਮਤੀ ਏਦਾਂ ਹਰ ਵਾਰੀ

ਫਿਰ ਸਿੰਘੋ ਜੀਵਨ ਏਸ ਤੋਂ ਹੈ ਮੌਤ ਚੰਗੇਰੀ
ਹਰੀਮੰਦਰ ਦੀ ਵੀਰਨੋ ਗਲ ਕੀ ਸੁਣਾਵਾਂ
ਥਾਂ ਥਾਂ ਮਾਸ ਖਿਲਾਰਿਆ ਓਥੇ ਇੱਲਾਂ ਕਾਵਾਂ
ਜੇ ਸੀਨੇ ਦੇ ਵਿਚ ਜ਼ੋਰ ਹੈ, ਅਤੇ ਤਗੜੀਆਂ ਬਾਹਵਾਂ
ਸਿਰ ਦੇ ਕੇ ਅੱਜ ਛੁਡਾ ਲਉ, ਔਂ ਰੋਦੀਆਂ ਗਾਵਾ
ਉਨ੍ਹਾਂ ਸੋਧ ਅਰਦਾਸਾ ਆਖਿਆ,
ਅਸਾਂ ਜਬਰ ਨਹੀਂ ਸਹਿਣਾ
ਚੀਨੀ ਵਾਲੇ ਸਤਿਗੁਰੂ, ਸਾਡੇ ਅੰਗ ਸੰਗ ਰਹਿਣਾ
ਉਨ੍ਹਾਂ ਬਨ੍ਹ ਕੇ ਕਫਨ ਸਿਰਾਂ ਤੇ, ਕਰ ਲਏ ਤਿਆਰੇ
ਬੁਚੜ ਖਾਨੇ ਕੋਲ ਜਾ, ਮਾਰੇ ਲਲਕਾਰੇ
ਅਸੀ ਆ ਗਏ ਸੋਧਨ ਵਾਸਤੇ, ਪਾਪੀ ਹਤਿਆਰੇ
ਕੋਈ ਮਣਖ ਨ ਰਹਿ ਜਾਏ ਦਿਲਾਂ ਵਿਚ,
ਤੁਸੀਂ ਲਾ ਲਓ ਚਾਰੇ
ਕਦੀ ਸੁਤਿਆਂ ਅਤੇ ਨਿਹਥਿਆ ਨਹੀਂ ਗੋਲੀ ਮਾਰੀ
ਧੋਖੇ ਨਾਲ ਨਹੀਂ ਮਾਰਦੇ ਅਸੀ ਸ਼ੇਰ ਸ਼ਿਕਾਰੀ
ਉਹ ਬੂਚੜਖਾਨੇ ਪਹੁੰਚ ਗਏ ਕਰ ਹਿੰਮਤਾਂ ਬੜੀਆਂ
ਰੋਹ ਵਿਚ ਤੇਗਾਂ ਬੂਚੜਾਂ ਦੇ ਸਿਰ ਵਿਚ ਜੜ੍ਹੀਆਂ
ਸੱਟ ਖਾ ਖਾ ਗਾਜ਼ੀ ਝੂਮਦੇ ਹੱਥ ਤੇਗਾਂ ਫੜੀਆਂ
ਜਿਵੇਂ ਖੇਡਣ ਕਿਸੇ ਮਜ਼ਾਰ ਤੇ ਜਾਦੂਗਰ ਜੜ੍ਹੀਆਂ
ਏਦਾਂ ਸਿੰਘਾਂ ਸੂਰਿਆਂ ਉਹ ਬੂਚੜ ਵੱਢੇ
ਜਿਓ ਮੋਮਨ ਖੂਨੀ ਈਦ ਤੇ ਫੜ ਦੁੰਬੇ ਵੱਢੇ
ਪਲ ਵਿਚ ਸਾਰੇ ਸ਼ਹਿਰ ਵਿਚ, ਮੱਚ ਗਿਆ ਹਕਾਰਾ
ਸਹਿਮੇ ਲੋਕੀ ਵੇਖ ਕੇ ਏ ਘਲੂ ਘਾਰਾ
ਬੁਜ਼ਦਿਲ ਅੰਦਰੀਂ ਵੜ ਗਏ ਸੁਣ ਕੇ ਲਲਕਾਰਾ
ਛਡਿਆ ਸਿੰਘਾਂ ਜਿੱਤ ਦਾ, ਉਚੀ ਜੈਕਾਰਾ
ਸਿੰਘ ਬਾਜ਼ੀ ਜਿੱਤ ਕੇ ਦੌੜ ਗਏ, ਵਿਚ ਘੁਪ ਹਨੇਰੇ
ਔ ਗਏ ਔ ਗਏ ਆਖਦੇ, ਲੋਕੀ ਬੈਠ ਬਨੇਰੇ
ਰਾਤੋ ਰਾਤੀ ਸੂਰਮੇਂ, ਭੈਣੀ ਵਲ ਧਾਏ
ਕਾਹਲੀ ਕਾਹਲੀ ਨਾਲ ਸਨ, ਉਹਨਾਂ ਪੰਧ ਮੁਕਾਏ
ਚੀਨੀ ਵਾਲੇ ਗੁਰਾਂ ਨੂੰ, ਆ ਸੀਸ ਨਵਾਏ
ਦੱਸੀ ਆਣ ਬਹਾਦਰੀ, ਜਿੜ੍ਹੀ ਕਰਕੇ ਆਏ
ਬੇਅਦਬੀ ਸੀ ਤਾਲ ਦੀ, ਸਾਡੇ ਦਿਲ ਵਿਚ ਰੜਕੀ
ਬੁਚੜ ਵੱਢ ਬੁਝਾ ਲਈ, ਅਸਾਂ ਦਿਲ ਦੀ ਭੜਕੀ
ਚੀਨੀ ਵਾਲੇ ਗੁਰਾਂ ਨੇ, ਇਉਂ ਆਖ ਸੁਣਾਈ

Sri Satguru Jagjit Singh Ji Elibrary NamdhariElibrary@gmail.com

ਧੰਨ ਤੁਸੀਂ ਤੇ ਧੰਨ ਹੈ ਜੋ ਕਾਰ ਕਮਾਈ
ਪਰ ਕਾਇਰਾਂ ਵਾਂਗੂ ਲੁਕਣਾਂ ਏ ਕੀ ਚਤਰਾਈ ?
ਬੋਹਲ ਬਨਾ ਕੇ ਛਡਣਾ ਏ ਨਹੀਂ ਵਡਿਆਈ
ਬੇਦੋਸੇ ਨਾ ਸੂਰਿਓ, ਲੋਕੀ ਮਰਵਾਓ
ਜਾਓ ਸ਼ਹੀਦਾਂ ਵਿਚ ਜਾ ਤੁਸੀ ਨਾਂ ਲਿਖਵਾਓ
ਮੰਨਿਆਂ ਹੁਕਮ ਹਜ਼ੂਰ ਦਾ, ਸਿੰਘਾਂ ਸਰਦਾਰਾਂ
ਸੈਸ਼ਨ ਜੱਜ ਦੇ ਪੇਸ਼ ਹੋ, ਉਹ ਦੇਵੇ ਟਾਰ੍ਹਾਂ
ਸਾਨੂੰ ਫੜ ਲਓ ਜ਼ਾਲਮ ਗੋਰਿਓ, ਅਸਾਂ ਮਾਰੀਆਂ ਮਾਰਾਂ
ਅਸੀ ਕਾਤਲ, ਯੋਧੇ ਸੂਰਮੇ ਏ ਸਾਡੀਆਂ ਕਾਰਾਂ
ਹੁਕਮ ਹੋਇਆ ਸਰਕਾਰ ਦਾ, ਏਨ੍ਹੂੰ ਬੇੜੀਆਂ ਪਾਵੋ
ਸ਼ਰੇ ਆਮ ਲਟਕਾ ਕੇ, ਏ ਫਾਂਸੀ ਲਾਵੋ
ਪਹੁੰਚੇ ਮਕਤਲ ਵਿਚ ਉਹ ਹੋ ਕੇ ਬੇਵਸੇ
ਗਲ ਵਿਚ ਪਾ ਲਏ ਯੋਧਿਆਂ, ਫਾਂਸੀ ਦੇ ਰੱਸੇ
ਲਾ ਲਾ ਜ਼ੋਰ ਜਲਾਦ ਸੀ, ਗੰਢਾਂ ਨੂੰ ਕੱਸੇ
ਮੌਤ ਲਾੜੀ ਨੂੰ ਵੇਖ ਕੇ, ਉਹ ਖਿੜ ਖਿੜ ਹੱਸੇ
ਸਾਹ ਲੈ ਮੌਤੇ ਕਾਹਲੀਏ, ਸੁਣ ਲੈ ਕਹਾਣੀ
ਤੇਰੇ ਨਾਲ ਹੈ ਅਸਾਂ ਦੀ, ਕੋਈ ਸਾਂਝ ਪੁਰਾਣੀ
ਕਈ ਵਾਰ ਤੂੰ ਅਸਾਂ ਨੂੰ, ਅਗੇ ਅਜ਼ਮਾਇਆ
ਤੂੰ ਚਰਖੀਆਂ ਉਤੇ ਚਾੜ ਕੇ, ਬੰਦ ਬੰਦ ਉਡਾਇਆ
ਸਾਡਾ ਮਾਸ ਅਗਨੀ ਵਿਚ ਭੁੰਨ ਕੇ, ਕਬਾਬ ਬਨਾਇਆ
ਪੀ ਪੀ ਖਪਰ ਲਹੂ ਦੇ, ਤੈਨੂੰ ਸਬਰ ਨ ਆਇਆ
ਮੂੰਹ ਅੱਡ ਕੇ ਹੁਣ ਅਸਾਂ ਵਲ, ਤੂੰ ਫੇਰ ਹੈ ਆਈ
ਲੈ ਚਲ ਛੇਤੀ ਅਸਾ ਨੂੰ, ਨ ਦੇਰੀ ਲਾਈ
ਜਦੋਂ ਇਕ ਇਕ ਕਤਰਾ ਲਹੂ ਦਾ, ਧਰਤੀ ਤੇ ਚੋਇਆ
ਦਾਗ ਗੁਲਾਮੀ ਵਾਲੜਾ ਹੈ ਜਾਣਾ ਧੋਇਆ
ਸੁੱਤਾ ਹਿੰਦੀ ਨੌਜਵਾਨ ਤਦ ਉਠ ਖਲੋਇਆ
ਇਨਕਲਾਬ ਦਾ ਜਨਮ ਸੀ ਭਾਰਤ ਵਿਚ ਹੋਇਆ
ਉਹ ਹੱਸ ਸ਼ਹੀਦੀ ਪਾ ਗਏ ਭਵ ਸਾਗਰ ਤਰ ਗਏ
ਚੀਮਾਂ ਜੱਗ ਵਿਚ ਨਾਮ ਸਨ, ਉਹ ਰੋਸ਼ਨ ਕਰ ਗਏ ।

ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਸੋਲਵੇਂ ਵਾਰਸ਼ਕ ਸੰਮੇਲਨ ਦੀ ਰਿਪੋਰਟ ਤਸਵੀਰਾਂ ਦੀ ਉਡੀਕ ਵਿਚ ਪ੍ਰਕਾਸ਼ਤ ਨਹੀਂ ਕੀਤੀ ਜਾ ਸਕੀ ।

● ਵਰਿਆਮ ਦੇ ਸਨੇਹੀ ਸ. ਜਗਦੀਸ਼ ਸਿੰਘ ਜੀ (ਬਿਹਾਰ ਪਲਾਸਟਿਕ) ਪਟਨਾ ਵਾਲਿਆਂ ਦੀ ਵੱਡੀ ਲੜਕੀ ਬੀਬੀ ਰਵਿੰਦਰ ਕੌਰ (ਸੁਪਤਨੀ ਸ. ਕੰਵਲ ਪਾਲ ਸਿੰਘ ਬਿਹਾਰ ਇਲੈਕਟ੍ਰਿਕ ਪਟਨਾ-੨) ਮਿਤੀ ੧੩-੫-੯੦ ਨੂੰ ਚੜਾਈ ਕਰ ਗਏ ਸਨ । ਉਹਨਾਂ ਨਮਿਤ ੨੫-੫-੯੦ ਨੂੰ ਭੋਗ ਪਾਇਆ ਗਿਆ । ਵਰਿਆਮ ਵਲੋਂ ਸ਼ੋਕ ਗ੍ਰਸਤ ਪਰਿਵਾਰ ਨਾਲ ਡੂੰਘੀ ਹਮਦਰਦੀ ਹੈ । ਇਸ਼ ਅੰਵਸਰ ਤੇ ਵਰਿਆਮ ਵਾਸਤੇ ਮਾਇਆਂ ਕਢੀ ਗਈ ।

● ਸੰਤ ਦਿਆਲ ਸਿੰਘ ਜੀ ਨਾਮਧਾਰੀ ਕਾਲੋਨੀ ਰਮੇਸ਼ ਨਗਰ ਦੇ ਨੌਜੁਆਨ ਸਪੁਤਰ ਤੇਜਪਾਲ ਸਿੰਘ ਜੀ ਇਕ ਦੁਰਘਟਨਾ ਕਾਰਨ ੭ ਸਤੰਬਰ ੧੯੯੦ ਨੂੰ ਚੜਾਈ ਕਰ ਗਏ । ਅਦਾਰਾ ਵਰਿਆਮ ਨੂੰ ਇਸ ਬੇਵਕਤ ਅਤੇ ਦੁਖਦਾਈ ਮੌਤ ਦਾ ਡੂੰਘਾ ਅਫਸੋਸ ਹੈ ਪਰ ਜਿਹੜੀ ਭਾਣਾ ਮੰਨਣ ਦੀ ਸਮਰਥਾ ਸੋਗੀ ਪਰਿਵਾਰ ਨੇ ਵਖਾਈ ਹੈ ਉਹ ਕਾਇਲ ਕਰਦੀ ਹੈ । ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਵਿਛੜੀ ਆਤਮਾ ਨਮਿਤ ੧੬-੯-੯੦ ਨੂੰ ਭੋਗ ਪਾਇਆ ਗਿਆ । ਵਰਿਆਮ ਵਾਸਤੇ ਸਹਾਇਤਾ ਭੇਜੀ ਗਈ ।

● ਸੰਤ ਹਰਨਾਮ ਸਿੰਘ ਜੀ ਜੰਮੂ ਵਾਲਿਆਂ ਦੇ ਭੋਗ ਸਮੇਂ ਵਰਿਆਮ ਦੀ ਸਹਾਇਤਾ ਵਜੋਂ ੨੧/- ਰੁਪਏ ਕਢੇ ਗਏ ।

ਧਨਵਾਦ

Sri Satguru Jagjit Singh Ji Elibrary NamdhariElibrary@gmail.com

ਪ੍ਰਤੀਕ੍ਰਿਆ

'ਵਰਿਆਮ' ਦਾ ਤਰਨ ਸਿੰਘ ਵਹਿਮੀ ਅੰਕ ਪੜ੍ਹਿਆ ਤੇ ਮਨ ਵਹਿ ਟੁਰਿਆ। ਕਿਸੇ ਵਿਅਕਤੀ ਦਾ ਸੰਪੂਰਨ ਰੂਪ ਵਿਚ ਪੇਸ਼ ਕਰਨਾ ਬੜਾ ਔਖਾ ਏ. ਪਰ ਇਸ ਅੰਕ ਨੇ ਵਹਿਮੀ ਜੀ ਦੇ ਕਈ ਪਖਾਂ ਦਾ ਸੁੱਚਜੇ ਢੰਗ ਨਾਲ, ਥੋੜੇ ਪੰਨਿਆ ਵਿਚ ਗੁੰਦਵਾਂ ਤੇ ਢੁਕਵਾਂ ਨਿਰੂਪਣ ਕੀਤਾ ਹੈ। ਜਗਦੀਸ਼ ਜੀ! ਇਸ ਅੰਕ ਵਿਚ ਤੁਹਾਡੇ ਸ਼ਰਧਾਂ ਹੀ ਕੋਈ ਕਸਰ ਨਹੀਂ ਰਹਿਣ ਦਿਤੀ। ਪਿਆਰ ਭਰੇ ਸ਼ਬਦ ਛਲਕਦੇ ਆਪ ਮੁਹਾਰੇ ਵਹਿੰਦੇ ਗਏ ਹਨ। ਇਸ ਅੰਕ ਨੇ ਕਈ ਵਿਛੜੇ ਸਜਣ ਵੀ ਮਿਲਾ ਦਿਤੇ ਹਨ।......

......ਵਰਿਆਮ ਦਾ ਉਦਮ ਸ਼ਲਾਘਾ ਜੋਗ ਹੈ। ਜੇ ਵਰਿਆਮ ਸਾਹਿਤਕਾਰਾਂ ਜਾਂ ਹੋਰ ਉਘੀਆਂ ਹਸਤੀਆਂ ਬਾਰੇ ਕਲਮ ਰਾਹੀਂ ਸੇਵਾ ਚੁਕੇ ਤਾਂ ਇਸਦੇ ਹੋਰ ਵੀ ਵਿਸ਼ਾਲ ਤੇ ਚੁਰੇੜਾ ਹੋਣ ਦੇ ਰਾਹ ਖੁਲ ਸਕਣ ਦੀ ਸੰਭਾਵਨਾ ਹੈ।

(ਮਾ) ਨਿਹਾਲ ਸਿੰਘ ਸ੍ਰੀ ਭੈਣੀ ਸਾਹਿਬ

——

ਪ੍ਰਤੀਕ੍ਰਿਆ ਵਿਚ ਹਰ ਤਰ੍ਹਾਂ ਦਾ ਦ੍ਰਿਸ਼ਟੀਕੋਣ ਦੇਣ ਲਈ ਮੁਬਾਰਕ। ਬੀਤੇ ਦੀਆਂ ਪੈੜਾਂ ਨੂੰ ਛੋਟਾ ਵੱਡਾ ਕਰਨ ਦੇ ਸੁਝਾਓ ਬਾਰੇ ਕੁਝ ਨਹੀਂ ਕਹਾਂਗਾ ਪਰ ਇਸ ਨੂੰ ਬਿਲਕੁਲ ਬੰਦ ਕਰਨ ਦੀ ਸਲਾਹ ਦੇਣ ਵਾਲਾ ਜਾਂ ਤਾਂ ਪੜ੍ਹਦਾ ਨਹੀਂ ਜਾਂ ਉਸ ਦਾ ਦਿਮਾਗੀ ਸੰਤੁਲਣ ਠੀਕ ਨਹੀਂ। ਜੇ ਵਰਿਆਮ ਵਿਚ ਕੇਵਲ ਪੈੜਾਂ ਹੀ ਹੋਣ ਤਾਂ ਵੀ ਸੁਆਗਤ ਕਰਾਂਗੇ। ਤੁਸੀਂ ਪੈੜਾਂ ਦੀ ਥਾਂ ਘੱਟ ਨਾ ਕਰਿਓ ਬਾਕੀ ਮੈਟਰ ਹੋਰ ਵਧਾ ਦਿਓ ਤਾਂ ਕਿ ਸੰਤੁਲਨ ਵਾਲੀ ਗਲ ਵੀ ਬਣ ਜਾਵੇ।

ਗੁਰਬਖਸ਼ ਸਿੰਘ ਰੋਪੜ

——

ਅਗਸਤ ਅੰਕ ਮਿਲਿਆ ਹੈ। ਪ੍ਰਤੀਕ੍ਰਿਆ ਵਿਚ ਜੋ ਵਿਵਰਣ 'ਡੇਕ' ਤੇ 'ਐਕ' ਨਾਲਿਆਂ ਬਾਰੇ ਦਿਤਾ ਗਿਆ ਹੈ ਇਹ ਬਿਲਕੁਲ ਠੀਕ ਹੈ। ਵਿਰਦੀ ਦੇ ਇਹ ਦੋਵੇਂ ਲੇਖ ਪੜਦਿਆਂ ਹੋਇਆ ਮੈਂ ਇਹਨਾਂ ਤਰੁਟੀਆਂ ਨੂੰ ਮਹਿਸੂਸ ਕੀਤਾ ਸੀ ਕਿਉਂਕਿ ਮੇਰਾ ਪਿੰਡ 'ਆਲੋਮਹਾਰ ਸਧਰਾਂ ਦਾ' ਐਕ ਕੰਢੇ, ਤੇ ਮੇਰੇ ਨਾਨਕੇ ਪੇਜੋਕੀ ਸਨ ਜੋ 'ਡੇਕ' ਦੇ ਕੰਢੇ ਤੇ ਸੀ। ਪਰ ਲਮਾਂ ਸਮਾਂ ਬੀਤ ਜਾਣ ਤੇ ਅਤੇ ਏਨੇ ਪਿੰਡਾਂ ਦੇ ਨਾਮ ਚੇਤੇ ਨਾ ਰਹਿ ਜਾਣ ਕਰਕੇ ਮੈਂ ਪਾਠਕਾਂ ਦਾ ਧਿਆਨ ਇਹਨਾਂ ਤਰੁਟੀਆਂ ਵਲ ਦਿਵਾਣੋਂ ਸੰਕੋਚ ਕਰ ਗਿਆ ਸਾਂ। ਮੈਂ ਲੇਖਕ ਦਾ (ਤੁਸਾਂ ਨਾਮ ਨਹੀਂ ਲਿਖਿਆ?) ਧਨਵਾਦੀ ਹਾਂ ਕਿ ਉਹਨਾਂ ਪੂਰੇ ਵਿਸਥਾਰ ਨਾਲ ਇਹ ਸਭ ਕੁਝ ਬਿਆਨਿਆ ਹੈ।

ਸ਼ਾਇਦ ਪਰੂਫ ਰੀਡਿੰਗ ਦੀ ਗਲਤੀ ਕਰਕੇ 'ਪੇਜੋਕੀ' ਦਾ ਨਾਮ ਪੇਜੋਗੀ ਤੇ ਜਨਰਲ ਮੋਹਨ ਸਿੰਘ ਦਾ ਪਿੰਡ 'ਉਗੋਕੀ' ਦਾ 'ਉਗੋਗੀ' ਛੱਪ ਗਿਆ ਹੈ।

'ਬੀਤੇ ਦੀਆਂ ਪੈੜਾਂ' ਬਾਰੇ ਵੀ ਪਾਠਕਾਂ ਦਾ ਗਿਲਾ ਜਾਇਜ਼ ਲਗਦਾ ਹੈ। ਇਹ ਬਹੁਤ ਸਾਰੇ ਸਫੇ ਮਲ ਲੈਂਦਾ ਹੈ। ਇਕ ਵਸ਼ੇਸ਼ ਵਰਗ ਦੇ ਪਾਠਕਾਂ ਲਈ ਤਾਂ ਇਹ ਖਿਚ ਦਾ ਕਾਰਣ ਹੋ ਸਕਦਾ ਹੈ ਪਰ ਆਮ ਪਾਠਕ ਅਕੇਵਾਂ ਮਹਿਸੂਸ ਕਰਨ ਲਗ ਜਾਂਦਾ ਹੈ। ਕੀ ਏਸ ਲਈ ਕੁਝ ਹੋਰ ਲੇਖ, ਕਹਾਣੀ ਆਦਿ ਛਾਪਣਾ ਠੀਕ ਨਹੀਂ ਰਹੇਗਾ?

'ਸਾਹਿਤ ਸਰਗਰਮੀਆਂ' ਸਿਰਲੇਖ ਹੇਠ ਬਾਵਾ ਬਲਵੰਤ ਦੀ ਸ਼ਖਸੀਅਤ ਬਾਰੇ ਵਰਤੇ ਸ਼ਬਦਾਂ ਬਾਰੇ ਮੈਨੂੰ ਗਿਲਾ ਹੈ। ਬਾਵਾ ਜੀ ਨੂੰ ਮੈਂ ਨੇੜੇ ਹੋ ਕੇ ਵੇਖਿਆ ਸੀ, ਉਹ ਇਕ ਸੱਚਾ, ਸੁਚਾ ਤੇ ਜ਼ਮੀਰ ਵਾਲਾ ਬੰਦਾ ਸੀ। ਮੌਕਾ ਪ੍ਰਸਤ ਨਹੀਂ ਸੀ ਤੇ ਆਪਣੀ ਕਵਿਤਾ ਉਤੇ ਕਵਿਤਾ ਦੀ ਮੋਹਰ ਲਵਾਣ ਲਈ 'ਚਾਪਲੂਸ' ਤੇ 'ਝੋਲੀ ਚੁਕ' ਬਣਨਾਂ ਉਹਦੀ ਜ਼ਮੀਰ ਨੂੰ ਗਵਾਰਾ ਨਹੀਂ ਸੀ। ਇਹ ਗੁਣ ਅਜ ਦੇ ਬਹੁਤੇ ਕਵੀਆਂ ਨੂੰ ਮੁਬਾਰਕ ਹੋਣ, ਕਿਉਂਕਿ ਆਪਾ ਧਾਪੀ ਦੇ ਨਿਜ਼ਾਮ ਵਿਚ ਇਹ ਵੀ ਇਕ ਮਜਬੂਰੀ ਹੈ। ਪਰ ਸ਼ੁਕਰ ਹੈ ਕਿ ਬਾਵਾ ਬਲਵੰਤ ਇਹਨਾਂ ਤੋਂ ਬਚਿਆ ਰਿਹਾ। ਜੇ ਉਹ ਏਸ ਕਮਜ਼ੋਰੀ ਨੂੰ ਅਪਨਾ ਵੀ ਲੈਂਦਾ ਤਾਂ ਫੇਰ ਕਿਹੜਾ ਪੰਜਾਬੀਆਂ ਨੇ ਉਸ ਨੂੰ ਕੋਠੀਆਂ ਪਵਾ ਦੇਣੀਆਂ ਸਨ? ਮੈਂ ਉਸ ਨੂੰ ਪੰਜਾਬੀ ਕਵਿਤਾ ਲਈ ਸ਼ਹੀਦ ਹੋਇਆ ਕਵੀ ਮਨਦਾ ਹਾਂ।

ਤਰਲੋਕ ਮਨਸੂਰ
ਡਾਕ ਘਰ ਹਰੀਪੁਰ ਨਾਇਕ
ਜਿਲਾ ਨੈਨੀਤਾਲ ਯੂ.ਪੀ

——

ਅਸੀਂ ਵਰਿਆਮ ਮਹੀਨਾ ਭਰ ਉਡੀਕਦੇ ਹਾਂ ਤਾਂ ਜੋ ਆਵੇ ਤਾਂ ਬੀਤੇ ਦੀਆਂ ਪੈੜਾਂ ਪੜੀਏ।

—ਲਖਬੀਰ ਸਿੰਘ ਸਰਸਾ

——

ਅਗਸਤ ੧੯੯੦ ਅੰਕ ਦੇ 'ਪ੍ਰਤੀਕ੍ਰਿਆ' ਕਾਲਮ ਵਿਚ ਦੇਗ ਅਤੇ ਐਕ ਨਦੀ ਬਾਰੇ ਜੋ ਚਿਠੀ ਛਪੀ ਸੀ ਉਸ ਦੇ ਲੇਖਕ ਮਾਸਟਰ ਅਜੀਤ ਸਿੰਘ ਚੀਮਾ ਪਿੰਡ ਮਹੇੜੂ ਜਿਲਾ ਕਪੂਰਥਲਾ ਸਨ।

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਸ਼ਹੀਦੀ ਕਾਂਡ ਅੰਮ੍ਰਿਤਸਰ

(੧੫ ਸਤੰਬਰ ਸ਼ਹੀਦੀ ਦਿਵਸ ਨੂੰ ਸਮਰਪਤ)

—ਸ: ਨਾਹਰ ਸਿੰਘ ਐਮ. ਏ.

ਲਾਹੌਰ ਦਰਬਾਰ ਦੀਆਂ ਬੇਮੁਹਾਰੀਆਂ ਪੈਂਚਾਂ ਵਾਲੀਆਂ ਫੌਜਾਂ ਅਤੇ ਅੰਗਰੇਜ਼ਾਂ ਵਿਚਕਾਰ ਸੰਨ ੧੮੪੫—੪੬ ਦੀ ਲੜਾਈ ਵਿਚ ਸਰਬਤ ਖਾਲਸਾ ਜੀ ਨੂੰ ਹਾਰ ਹੋਣ ਪਿਛੋਂ ਅੰਗਰੇਜ਼ਾਂ ਨੇ ਬਿਆਸ ਤੋਂ ਹੇਠਾਂ ਦਾ ਸਾਰਾ ਇਲਾਕਾ ਆਪਣੀ ਅਮਲ ਦਾਰੀ ਵਿਚ ਸ਼ਾਮਲ ਕਰ ਲਿਆ। ਭਾਵੇਂ ਸ਼ਾਹ ਮੁਹੰਮਦ ਦੇ ਕਥਨ ਅਨੁਸਾਰ, "ਪਿਛੋਂ ਬੈਠ ਸਰਦਾਰ ਗੁਰਮਤਾ ਕਰਦੇ, ਕੋਈ ਅਕਲ ਦਾ ਕਰੋ ਇਲਾਜ ਯਾਰੋ। ਛੇੜ ਬੁਰਛਿਆਂ ਦੀ ਸਾਡੇ ਪੇਸ਼ ਪੈ ਗਈ ਪੱਗਾਂ ਦਾੜ੍ਹੀਆਂ ਦੀ ਰਖੋ ਲਾਜ ਯਾਰੋ।" ਸਰਦਾਰ ਸ਼ਾਮ ਸਿੰਘ ਅਟਾਰੀ ਅਤੇ ਉਨ੍ਹਾਂ ਦੇ ਸਾਥੀ ਲੜਾਈ ਦਾ ਰੁਖ ਬਦਲਨ ਦੀਆਂ ਕੋਸ਼ਿਸ਼ਾਂ ਕਰਦੇ ਹੋਏ ਰਣ ਭੂਮੀ ਵਿਚ ਸ਼ਹੀਦ ਹੋ ਗਏ। ਪਰ ਆਖਰੀ ਫਤਹਿ ਅੰਗਰੇਜ਼ਾਂ ਦੀ ਹੀ ਹੋਈ। ਰਾਣੀ ਜਿੰਦਾਂ ਦੇ ਭਰਾ, ਜਵਾਹਰ ਸਿੰਘ ਦੇ ਬੁਰਛਿਆਂ ਹਥੋਂ ਮਾਰੇ ਜਾਣ ਪਿਛੋਂ ਅਤੇ ਭਰਾ ਦੀ ਲਾਸ਼ ਤੇ ਰੋਂਦੀ ਮਾਈ ਜਿੰਦਾਂ ਨੂੰ 'ਕੇਹੜਾ ਰਾਜੇ ਦਾ ਪੁਤ ਹੈ ਮੋਇਆ ਸਾਥੋਂ ਕਾਹਨੂੰ ਡੂੰਘੜੇ ਵੈਣ ਤੂੰ ਪਾਵਣੀ ਹੈ,' ਆਦਿ ਟਿਚੱਕਰਾਂ ਕਰਨ ਵਾਲੇ ਲਫੰਗੇ ਬੁਰਛਿਆਂ ਹਥੋਂ ਸਿਆਣੇ ਜੱਟ ਸਿਖ ਸਰਦਾਰ ਆਪਣੀਆਂ ਜਾਨਾਂ ਅਤੇ ਪੱਗਾਂ ਬਚੌਂਦੇ ਫਿਰਦੇ ਸਨ। ਕੋਈ ਆਗੂ ਬਣਕੇ ਹਕੂਮਤ ਦੀ ਜ਼ਿਮੇਵਾਰੀ ਦੇ ਵਡੇ ਕੰਮ ਨੂੰ ਆਪਣੇ ਸਿਰ ਨਹੀਂ ਲੇਣਾ ਚਾਹੁੰਦਾ ਸੀ। ਸਰਦਾਰ ਲਹਿਣਾ ਸਿੰਘ ਮਜੀਠੀਆਂ, ਜੋ ਇਸ ਸਮੇਂ ਦਾ ਸਭ ਤੋਂ ਸਿਆਣਾ ਸਿਆਸਤ-ਦਾਨ ਸੀ, ਬੁਰਛਿਆਂ ਤੋਂ ਡਰਦਾ ਪਹਿਲੋਂ ਹੀ ਬਨਾਰਸ ਜਾ ਬੈਠਾ ਸੀ।

ਜਿੱਤ ਹੋਵਣ ਤੇ ਅੰਗਰੇਜ਼ਾਂ ਨੇ ਜੰਗੀ ਤਾਵਾਨ ਦੀ ਮੰਗ ਕੀਤੀ। ਨਿੱਤ ਨਿੱਤ ਬੁਤਕੀਆਂ, ਕੰਠੇ ਇਨਾਮ ਲੈਣ ਵਾਲੇ, ਅਤੇ ਤਲਬਾਂ ਵਿਚ ਵਾਧੇ ਕਰਵਾਉਣ ਵਾਲਿਆਂ ਨੇ ਖਜ਼ਾਨੇ ਨੂੰ ਹੂੰਝ ਛਡਿਆ ਸੀ। ਅੰਗਰੇਜ਼ਾਂ ਨੇ ਜੰਗ ਦਾ ਤਾਵਾਨ ੧ ਕਰੋੜ ਰੁਪਇਆ ਲਾਇਆ। ਖਜ਼ਾਨੇ ਵਿਚ ਚੂਹੇ ਕੁਦਦੇ ਫਿਰਦੇ ਸਨ। ਇਸ ਲਈ ਕਸ਼ਮੀਰ ਦਾ ਇਲਾਕਾ ਮਹਾਰਾਜਾ ਗੁਲਾਬ ਸਿੰਘ ਡੋਗਰੇ ਨੂੰ ਇਸ ਤਵਾਨ ਦੀ ਰਕਮ ਬਦਲੇ ਵੇਚ ਦਿਤਾ ਗਿਆ। ਗੁਲਾਬ ਸਿੰਘ ਨੇ ਜੰਮੂ ਕਸ਼ਮੀਰ ਦੀ ਨਵੀਂ ਰਿਆਸਤ ਕਾਇਮ ਕਰ ਲਈ, ਜਿਸਦਾ ਸਿੱਧਾ ਤਅਲਕ ਅੰਗਰੇਜ਼ੀ ਹਕੂਮਤ ਨਾਲ ਕਾਇਮ ਕੀਤਾ ਗਿਆ। ਲੱਖਾਂ ਜੱਟ ਸਿਖ, ਮਾਈਆਂ ਦੇ ਲਾਲਾਂ ਦੀਆਂ ਸ਼ਹੀਦੀਆਂ ਦੇ ਕੇ, ਬਣਾਈ ਹੋਈ ਪਹਿਲੀ ਅਤੇ ਆਖਰੀ ਆਜ਼ਾਦ ਸਿਖ ਸਲਤਨਤ ਨੂੰ ਟਾਹਰਾਂ ਮਾਰ ਮਾਰ ਕੇ, ਜੋਸ਼ੀਲੇ ਨਾਅਰੇ ਲਾਉਣ ਵਾਲੇ, ਸਵਾਰਥੀ ਆਗੂਆਂ ਨੇ, ਆਮ ਜਨਤਾ ਨੂੰ ਧੋਖੇ ਵਿਚ ਰਖ ਕੇ, ਇਸ ਤਰ੍ਹਾਂ ਤਬਾਹ ਅਤੇ ਬਰਬਾਦ ਕੀਤਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ੧੨ ਸਾਲ ਪਿਛੋਂ ਉਸ ਦੀ ਮੜੀ ਤੇ ਉਸਦੀ ਬਿੰਦੀ ਔਲਾਦ ਵਿਚੋਂ ਕੋਈ ਹੰਜੂ ਕੇਰਨ ਵਾਲਾ ਭੀ ਪੰਜਾਬ ਵਿਚ ਮੌਜੂਦ ਨਹੀਂ ਸੀ।

ਲੜਾਈ ਦੇ ਨਤੀਜੇ ਦੇ ਤੌਰ ਤੇ ਇਕ ਅੰਗਰੇਜ਼ ਰੈਜ਼ੀ-ਡੈਂਟ ਲਾਹੌਰ ਰਹਿਣ ਲਗਾ। ਰੈਜ਼ੀਡੈਂਟਾਂ ਦੇ ਸਬੰਧ ਵਿਚ ਉਸ ਸਮੇਂ ਆਮ ਇਹੋ ਖਿਆਲ ਪ੍ਰਚਲਤ ਸਨ, ਕਿ ਜਿਥੇ ਇਕ ਅੰਗਰੇਜ਼ ਰੈਜ਼ੀਡੈਂਟ ਬੈਠਾ ਹੋਵੇ, ਸਮਝ ਲਵੋ ਕਿ ਉਥੇ ੫੦ ਹਜ਼ਾਰ ਦੀ ਗਿਣਤੀ ਵਿਚ ਅੰਗਰੇਜ਼ੀ ਫੋਜ ਬੈਠੀ ਹੈ। ਤਖਤ ਦਾ ਮਾਲਕ ਦਲੀਪ ਸਿੰਘ ਨਾਬਾਲਗ ਸੀ। ਲਾਹੌਰ ਦਰਬਾਰ

Sri Satguru Jagjit Singh Ji Elibrary NamdhariElibrary@gmail.com

ਦੇ ਅਫਸਰ ਰੈਜ਼ੀਡੈਂਟ ਸਾਹਮਣੇ ਅਖ ਚੁੱਕਕੇ ਨਹੀਂ ਦੇਖ ਸਕਦੇ ਸਨ। ਹਕੂਮਤ ਦੇ ਛੋਟੇ ਛੋਟੇ ਕੰਮਾਂ ਵਿਚ ਰੈਜ਼ੀਡੈਂਟ ਦਖਲ ਦਿੰਦਾ ਸੀ। ਲੜਾਈ ਵਿਚ ਹਾਰ ਹੋਵਣ ਪਿਛੋਂ ਭੀ ਸਿਖ ਸਰਦਾਰਾਂ ਵਿਚਕਾਰ ਆਪਸ ਦੀ ਧੜੇ ਬਾਜ਼ੀ, ਇਕ ਦੂਸਰੇ ਨਾਲ ਦਵੈਸ਼ ਅਤੇ ਖੋਅ ਉਸੇ ਤਰ੍ਹਾਂ ਕਾਇਮ ਸਨ। ਮੁਸੱਦੀ ਧੜਾ ਤੇ ਟਕਰ ਲਾਊ ਧੜਾ ਉਸੇ ਤਰ੍ਹਾਂ ਇਕ ਦੂਜੇ ਦੇ ਖਲਾਫ ਡਟੇ ਹੋਏ ਸਨ।

੨੪ ਮਾਰਚ ਸੰਨ ੧੮੪੭ ਨੂੰ ਮਿਸਟਰ ਹੈਨਰੀ ਐਮ. ਲਾਰੈਂਸ, ਰੈਜ਼ੀਡੈਂਟ ਨੇ ਲਾਹੌਰ ਤੋਂ ਗਵਰਨਰ ਜਨਰਲ ਦਾ ਹੁਕਮ ਜਾਰੀ ਕੀਤਾ।

'ਅੰਗਰੇਜ਼ਾਂ ਦੀ ਰਈਅਤ ਵਿਚੋਂ ਕੋਈ ਬੰਦਾ ਭੀ ਦਰਬਾਰ ਸਾਹਿਬ ਅੰਮ੍ਰਿਤਸਰ ਯਾ ਉਸ ਦੀ ਪਰਕਰਮਾਂ ਵਿਚ ਜੁੱਤੀ ਪਾ ਕੇ ਨਹੀਂ ਜਾ ਸਕੇਗਾ।'

ਇਸ ਵਿਚ ਇਹ ਵੀ ਲਿਖਿਆ ਸੀ।

'ਅੰਮ੍ਰਿਤਸਰ ਵਿਚ ਗਊਆਂ ਨਹੀਂ ਮਾਰੀਆਂ ਜਾਣ-ਗੀਆਂ।'

ਤਾਂਬੇ ਦੇ ਪੱਤਰੇ ਤੇ ਇਹ ਹੁਕਮ ਉੱਕਰਵਾਕੇ ਦਰਬਾਰ ਸਾਹਿਬ ਦੀ ਡਿਓਢੀ ਤੇ ਲਗਾਇਆ ਗਿਆ।

ਲਾਹੌਰ ਦੇ ਤਖਤ ਤੇ ਸਿਖ ਮਹਾਰਾਜੇ ਦੇ ਹੁੰਦਿਆਂ ਐਸਾ ਹੁਕਮ ਕਢਣ ਦੀ ਜ਼ਰੂਰਤ ਕਿਉਂ ਪਈ। ਕੌਣ ਲੋਕ ਸਨ ਜੋ ਦਰਬਾਰ ਸਾਹਿਬ ਵਿਚ ਸਣੇ ਜੁਤੀਆਂ ਚਲੇ ਜਾਂਦੇ ਸਨ। ਅੰਮ੍ਰਿਤਸਰ ਵਿਚ ਗਊਆਂ ਦਾ ਘਾਤ ਕੌਣ ਕਰਦੇ ਸਨ, ਅਤੇ ਕਿਉਂ ਕਰਦੇ ਸਨ। ਇਨ੍ਹਾਂ ਗਲਾਂ ਦੀ ਵਧੇਰੇ ਖੋਜ ਕਰਣ ਦੀ ਲੋੜ ਹੈ। ਅੰਗਰੇਜ਼ੀ ਅਖਰਾਂ ਵਿਚ ਤਾਂਬੇ ਦੇ ਪੱਤਰੇ ਤੇ ਲਿਖਿਆ ਹੋਇਆ ਇਹ ਹੁਕਮ ਅਜ ਕਲ ਭੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੋਸ਼ੇ ਖਾਨੇ ਵਿਚ ਮੌਜੂਦ ਹੈ।

ਸਿਖਾਂ ਅਤੇ ਅੰਗਰੇਜ਼ਾਂ ਵਿਚਕਾਰ, ਮੁਲਤਾਨ; ਚੇਲਿਆਂ ਵਾਲਾ ਅਤੇ ਗੁਜਰਾਤ ਦੀਆਂ ਲੜਾਈਆਂ ਪਿਛੋਂ ਅੰਗਰੇਜ਼ਾਂ ਨੇ ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਦਰਬਾਰ ਦੀ ਗੱਦੀ ਤੋਂ ਲਾਹ ਕੇ ਪੰਜਾਬ ਦੇ ਇਲਾਕਿਆਂ ਨੂੰ ਆਪਣੀ ਹਕੂਮਤ ਵਿਚ ਮਿਲਾ ਲਿਆ। ੨੯ ਮਾਰਚ ੧੮੪੯ ਨੂੰ ਕਿਲੇ ਵਿਚ ਦਰਬਾਰ ਕਰਕੇ ਮਿਸਟਰ ਇਲੀਅਟ ਨੇ ਇਸ ਦਾ ਐਲਾਨ ਕਰ ਦਿਤਾ। ਦਰਬਾਰ ਲਾਹੌਰ ਦੀਆਂ ਫੋਜਾਂ ਤੋੜ ਦਿਤੀਆਂ ਗਈਆਂ ਅਤੇ ਅੰਗਰੇਜ਼ਾਂ ਦੀਆਂ ਫੌਜਾਂ ਨੇ ਪੰਜਾਬ ਦੀਆਂ ਛੌਣੀਆਂ ਵਿਚ ਆ ਡੇਰੇ ਲਾਏ।

ਅੰਗਰੇਜ਼ਾਂ ਦੀਆਂ ਫੌਜਾਂ ਵਿਚ ਗੋਰੇ ਸਿਪਾਹੀ ਗਊ ਮਾਸ ਖਾਂਦੇ ਸਨ। ਇਸ ਲਈ ਕੋਈ ਸਵਾ ਕੁ ਮਹੀਨਾ ਪਿਛੋਂ ਹੀ ਹਿੰਦ ਸਰਕਾਰ ਦੀ ਸੰਮਤੀ ਨਾਲ ਪੰਜਾਬ ਦੇ ਬੋਰਡ ਆਫ ਐਡਮਨਿਸਟਰੇਸ਼ਨ ਦੀ ਗਸ਼ਤੀ ਚਿੱਠੀ ਨੰ: ੩, ਤਾਰੀਖ ੫ ਮਈ ੧੮੪੯ ਅਨੁਸਾਰ ਪੰਜਾਬ ਵਿਚ ਮਾਸ ਖਾਣ ਲਈ ਗਊਆਂ ਮਾਰਨ ਦੀ ਖੁਲ ਕਰ ਦਿਤੀ ਗਈ। ਲਾਹੌਰ ਦੇ ਕਮਿਸ਼ਨਰ ਮਿਸਟਰ ਆਰ ਮਿੰਟਗੁਮਰੀ ਦੀ ਚਿਠੀ ਨੰ: ੧੨. ਤਾਰੀਖ ੧੦ ਮਈ ੧੮੪੯ ਅਨੁਸਾਰ ਇਸ ਹੁਕਮ ਤੇ ਅਮਲ ਕਰਨ ਦੀ ਹਦਾਇਤ ਹੋਈ। ਕਈ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਇਸ ਹੁਕਮ ਸਬੰਧੀ ਵਧੀਕ ਅਤੇ ਸਾਫ਼ ਸਾਫ਼ ਹਦਾਇਤਾਂ ਮੰਗੀਆਂ। ਮੇਜਰ ਹਰਬਰਟ ਐਡਵਰਡਜ਼ ਨੇ ਮੁਲਤਾਨ ਦੇ ਅਸਿਸਟੈਂਟ ਲੈਫਟੀਨੈਂਟ ਜੇਮਜ਼ ਨੂੰ ਲਿਖਿਆ ਕਿ, 'ਕਿਸੇ ਸ਼ਰਤ ਤੇ ਭੀ ਸ਼ਹਿਰਾਂ ਅਤੇ ਕਸਬਿਆਂ ਦੀਆਂ ਹੱਦਾਂ ਦੇ ਅੰਦਰ ਗਊ ਮਾਸ ਦੁਕਾਨਾਂ ਵਿਚ ਰਖਕੇ ਨਾ ਵੇਚਿਆ ਜਾਵੇ। ਮਾਸ ਲਈ ਗਾਈਆਂ ਸ਼ਹਿਰੋਂ ਬਾਹਰ ਹੀ ਮਾਰੀਆਂ ਜਾਵਣ। ਜੇ ਮੁਸਲਮਾਨ, ਜਾਣ ਬੁਝ ਕੇ ਖੁਲ੍ਹੇ ਤੌਰ ਤੇ ਆਪਣੇ ਹਿੰਦੂ ਪੜੋਸੀਆਂ ਦੇ ਦਿਲ ਦੁਖੌਣ ਲਈ ਦਖਾਵਾ ਕਰਨ, ਤਦ ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿਤੀਆਂ ਜਾਵਣ। ਐਸੀਆਂ ਕਰੜੀਆਂ ਪਾਬੰਦੀਆਂ ਨਾ ਲੌਣ ਦਾ ਅਸਰ ਇਹ ਹੋਵੇਗਾ ਕਿ ਮੁਸਲਮਾਨ ਇਕ ਐਸੇ ਸਵੈ ਅਧਿਕਾਰ ਦੀ ਜਿਸ ਤੋਂ ਇਹ ਚਿਰਾਂ ਤੋਂ ਵਾਂਝੇ ਸਨ, ਬੁਰੀ ਤਰ੍ਹਾਂ, ਵਰਤੋਂ ਕਰਨਗੇ, ਅਤੇ ਫੇਰ ਸਾਨੂੰ ਹਿੰਦੂਆਂ ਅਤੇ ਸਿਖਾਂ ਨੂੰ ਜੋ ਅਜੇ ਕਲ੍ਹ ਹੀ ਪੰਜਾਬ ਦੇ ਹਾਕਮ ਸਨ, ਮੁਸਲਮਾਨਾਂ ਹਥੋਂ ਐਸੀ ਬੇ-ਇਜ਼ਤੀ ਤੋਂ ਬਚਾਉਣਾ ਪਵੇਗਾ।'

੨੦ ਮਈ ੧੮੪੯ ਨੂੰ ਗਵਰਨਰ ਜਨਰਲ ਨੇ ਇਕ ਸਰਕਾਰੀ ਹੁਕਮ ਜਾਰੀ ਕੀਤਾ ਜੋ ਇਸ ਤਰ੍ਹਾਂ ਸੀ :

"No one should be allowed to interfere with the practice by his neighbour of customs which that neighbour 's religion either enjoins or permits."

ਅਰਥਾਤ, "ਕਿਸੇ ਆਦਮੀ ਨੂੰ ਦੂਸਰੇ ਪੜੋਸੀ ਆਦਮੀ ਦੇ ਆਪਣੀ ਧਾਰਮਿਕ ਮਰਯਾਦਾ ਯਾਂ ਰਹੁਰੀਤ ਕਰਨ ਵਿਚ

Sri Satguru Jagjit Singh Ji Elibrary NamdhariElibrary@gmail.com

ਅਟਕਾ ਪਾਵਣ ਦੀ ਅਜਾਜ਼ਤ ਅਤੇ ਖੁਲ ਨ ਦਿਤੀ ਜਾਵੇ।" ਇਸ ਐਲਾਨ ਅਨੁਸਾਰ ਪੰਜਾਬ ਵਿਚ ਗਊਘਾਤ ਦੀ ਬਿਲਕੁਲ ਖੁਲ੍ਹ ਹੋ ਗਈ। ਪੰਜਾਬ ਦੇ ਬੋਰਡ ਆਫ ਐਡਮਿਨਿਸਟਰੇਸ਼ਨ ਨੇ ਇਸ ਹੁਕਮ ਮੁਤਾਬਕ ਇਸ ਤਰ੍ਹਾਂ ਦੀਆਂ ਹਦਾਇਤਾਂ ਜਾਰੀ ਕੀਤੀਆਂ (੧) ਗਊਆਂ ਦੇ ਮਾਰਨ ਲਈ ਹਰ ਸ਼ਹਿਰ ਅਤੇ ਕਸਬੇ ਵਿਚ ਆਬਾਦੀ ਦੀ ਹੱਦ ਤੋਂ ਬਾਹਰ ਇਕ ਖਾਸ ਥਾਂ ਮੁਕੱਰਰ ਕੀਤੀ ਜਾਵੇ (੨) ਸ਼ਹਿਰ ਯਾ ਕਸਬੇ ਦੀ ਆਬਾਦੀ ਦੀ ਹੱਦ ਅੰਦਰ ਗਊ ਮਾਸ ਵੇਚਣ ਲਈ ਕੋਈ ਦੁਕਾਨ ਨਾ ਖੋਹਲੀ ਜਾਵੇ।

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿਸਟਰ ਐਮ. ਸੀ. ਸਾਂਡਰਸ ਨੇ ਰਾਏ ਤਖਤ ਮਲ ਅਤੇ ਹੋਰ ਹਿੰਦੂ ਪੰਚਾਂ ਦੀ ਸਲਾਹ ਨਾਲ ਸ਼ਹਿਰ ਦੀ ਹੱਦ ਤੋਂ ਪਰੇ ਇਕ ਥਾਂ ਗਊਆਂ ਮਾਰਣ ਲਈ ਚੁਣੀ। ਇਸ ਦੇ ਨਾਲ ਹੀ ਬੁਚੜਾਂ ਨੂੰ ਹੇਠ ਲਿਖੀਆਂ ਹਦਾਇਤਾਂ ਤੇ ਅਮਲ ਕਰਨ ਦਾ ਹੁਕਮ ਦਿਤਾ। ( ) ਗਊਆਂ ਇਕ ਖਾਸ ਨਿਯਤ ਥਾਂ ਤੇ ਵਲਗਣ ਵਿਚ ਹੀ ਮਾਰੀਆਂ ਜਾਣਗੀਆਂ। (੨) ਕੋਈ ਬੁੱਚੜ ਗਊ ਮਾਸ ਨੂੰ ਵੇਚਣ ਲਈ ਸ਼ਹਿਰ ਵਿਚ ਨਹੀਂ ਲਿਆ ਸਕਦਾ। ਜੇ ਕੋਈ ਐਸਾ ਕਰੇਗਾ, ਉਹਨੂੰ ਸਜ਼ਾ ਦਿੱਤੀ ਜਾਏਗੀ। ( ) ਗਊ ਮਾਸ ਖਾਣ ਵਾਲੇ ਅਤੇ ਖਰੀਦਣ ਵਾਲੇ ਖੁਦ ਬੁੱਚੜ ਖਾਨੇ ਜਾ ਕੇ ਗਊ ਮਾਸ ਖਰੀਦਕੇ, ਕਪੜੇ ਵਿਚ ਲਪੇਟ ਕੇ ਆਪਣੇ ਘਰੀਂ ਲਿਆਵਣਗੇ, ਐਸਾ ਕਰਨ ਵਾਲੇ ਕਿਸੇ ਤਰ੍ਹਾਂ ਭੀ ਹਿੰਦੂਆਂ ਦੇ ਹਿਰਦੇ ਨਹੀਂ ਦੁਖਾਣਗੇ।"

ਇਸ ਹੁਕਮ ਅਨੁਸਾਰ ਸ਼ਹਿਰ ਵਿਚ ਗਊ ਮਾਸ ਵੇਚਣ ਲਈ ਕੋਈ ਦੁਕਾਨ ਨਹੀਂ ਖੋਹਲੀ ਜਾ ਸਕਦੀ ਸੀ, ਅਤੇ ਨਾ ਹੀ ਕੋਈ ਆਦਮੀ ਗਊ ਮਾਸ ਨੂੰ ਟੋਕਰੀਆਂ ਆਦਿ ਵਿਚ ਪਾ ਕੇ ਸ਼ਹਿਰ ਵਿਚ ਵੇਚ ਸਕਦਾ ਸੀ।

ਇਸ ਸਮੇਂ ਸ਼ਹਿਰ ਅੰਮ੍ਰਿਤਸਰ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੀ ਆਬਾਦੀ ਬਰਾਬਰ ਦੀ ਸੀ। ਸਿਖ ਸਿਰਫ ਆਟੇ ਵਿਚ ਲੂਣ ਹੀ ਸਨ। ਕੇਸਾਧਾਰੀ ਸਿਖ ਯਾ ਕੁਝ ਮੰਗ ਖਾਣੇ ਭਾਟੜੇ ਸਨ, ਯਾ ਰੋੜੇ। ਬਾਕੀ ਗੁਰਦੁਆਰਿਆਂ ਦੇ ਮਹੰਤ ਅਤੇ ਪੁਜਾਰੀ। ਰਾਮਗੜ੍ਹੀਏ ਸਰਦਾਰਾਂ ਨਾਲ ਥੋੜੇ ਜਿਹੇ ਘਰ ਸਿੰਘਾਂ ਦੇ ਸਨ ਅਤੇ ਟਾਂਵੇ ਟਾਂਵੇ ਤਰਖਾਨ ਅਤੇ ਲੁਹਾਰ ਸਿਖ ਰੋਜ਼ਗਾਰ ਖਾਤਰ ਪਿੰਡਾਂ ਵਿਚੋਂ ਆ ਕੇ ਸ਼ਹਿਰ ਰਹਿੰਦੇ ਸਨ।

ਬੁਚੜ ਖਾਨਾ ਖੁਲ੍ਹਣ ਪਿਛੋਂ ਅੰਮ੍ਰਿਤਸਰ ਦੇ ਵਡੇ ਜਗੀਰਦਾਰ ਧਨਾਢ, ਸ਼ਾਹੂਕਾਰ, ਬਪਾਰੀ ਹਿੰਦੂ ਅਤੇ ਸਿਖ ਰਈਸ ਅੰਗਰੇਜ਼ ਮਾਈ ਬਾਪ ਸਰਕਾਰ ਦੀ ਹਰ ਗਲ ਵਿਚ ਹਾਂ ਮਿਲਾਕੇ ਸ਼ਾਬਾਸ਼ ਲੈਣਾ ਫਖਰ ਸਮਝਦੇ ਸਨ। ਹਥੀਂ ਰੋਟੀ ਕਮਾ ਕੇ ਖਾਣ ਵਾਲੀ, ਅਤੇ ਕਮਾਈ ਵਿਚੋਂ ਇਕ ਟਕਾ ਗੁਰੂ ਮਹਾਰਾਜ ਦੀ ਭੇਟਾ ਧਰ ਕੇ ਮੱਥਾ ਟੇਕਣ ਵਾਲੀ ਆਮ ਜਨਤਾ ਦੇ ਬੰਦੇ, ਬੁਚੜ ਖਾਨੇ ਨੂੰ ਸਿਖ ਗੁਰੂਆਂ ਦੇ ਪਵਿਤ੍ਰ ਹੱਥਾਂ ਨਾਲ ਬਣਾਈ ਹੋਈ ਗੁਰੂ ਕੀ ਨਗਰੀ ਦੇ ਮੱਥੇ ਤੇ ਇਕ ਮਹਾਂ ਕਲੰਕ ਯਾ ਕਾਲਖ ਦਾ ਟਿੱਕਾ ਖਿਆਲ ਕਰਦੇ ਸਨ। ਅਮੀਰ ਅਤੇ ਗਰੀਬ ਦੇ ਧਰਮ ਨੂੰ ਧਾਰਨ ਕਰਨ, ਮੰਨਣ ਅਤੇ ਉਹਦੀਆਂ ਰੀਤੀਆਂ ਅਤੇ ਰਵਾਇਤਾਂ ਤੇ ਚਲਣ ਵਿਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਗਰੀਬ ਨੂੰ ਧਰਮ ਦੀ ਹਾਨੀ ਹੁੰਦੀ ਵੇਖ ਵੇਖ ਕੇ ਕੰਬਣੀ ਚੜ੍ਹ ਜਾਂਦੀ ਹੈ। ਰੋਟੀ ਕਮਾਉਣ ਵਾਲਾ ਹੱਥ ਤਲਵਾਰ ਦੀ ਮੁੱਠ ਤੇ ਆ ਟਿਕਦਾ ਹੈ। ਉਹ ਅਕਲ, ਸੋਚ, ਵਿਚਾਰ, ਅੱਗਾ ਵੇਖਕੇ ਚਲਣ ਦੀਆਂ ਹਦਾਂ ਟੱਪ ਜਾਂਦਾ ਹੈ। ਤਨ ਮਨ ਧਨ ਕੁਰਬਾਨ ਕਰਣ ਦੀ ਤਾਂਘ ਅਤੇ ਜੋਸ਼ ਉਸ ਨੂੰ ਐਸੇ ਮੰਜ਼ਲਾਂ ਵਿਚ ਖਿੱਚ ਕੇ ਲੈ ਜਾਂਦੇ ਹਨ, ਜਿਥੇ ਆਪੇ ਤੋਂ ਬਾਹਰ ਹੋ ਕੇ ਉਹ ਧਰਮ ਹਾਨੀ ਕਰਨ ਵਾਲੇ ਨੂੰ ਮਾਰਕੇ ਆਪ ਮਰ ਜਾਣਾ ਹੀ ਧਰਮ ਸਮਝਦਾ ਹੈ।

ਬੁਚੜ ਖਾਨਾ ਅੰਮ੍ਰਿਤਸਰ ਦੀ ਵਿਚਕਾਰਲੇ ਅਤੇ ਗਰੀਬ ਹਿੰਦੂ ਸਿਖ ਵਸੋਂ ਦੇ ਦਿਲਾ ਤੇ ਇਕ ਮਾਸ ਖੋਰਾ ਫੋੜਾ ਸੀ। ਦੀਵਾਲੀ, ਵੈਸਾਖੀ ਦੇ ਮੇਲਿਆ ਤੇ ਜਦ ਬਾਹਰ ਦੇ ਪੇਂਡੂ ਸਿਖ, ਜੱਟ, ਤਖਾਨ, ਮਜ਼ਹਬੀ ਸ਼ਹਿਰ ਆ ਕੇ ਏਥੋਂ ਦੇ ਬੁਚੜਖਾਨੇ ਦੀ ਗਲ ਸੁਣਦੇ ਤੱਦ ਉਹ ਬਹੁਤ ਹੀ ਦੁਖੀ ਹੁੰਦੇ। ਪਰ ਉਹ ਬੇਬਸ ਸਨ, ਲਾਚਾਰ ਸਨ, ਮਜਬੂਰ ਸਨ, ਕੁਝ ਭੀ ਨਹੀਂ ਕਰ ਸਕਦੇ ਸਨ। ਨਾ ਹੀ ਕੋਈ ਆਗੂ ਸੀ ਅਤੇ ਨਾ ਹੀ ਕੋਈ ਸਹਾਰਾ ਦੇਣ ਵਾਲਾ। ਪੰਜਾਬ ਨੂੰ ਅੰਗਰੇਜ਼ੀ ਹਕੂਮਤ ਵਿਚ ਸ਼ਾਮਲ ਕਰਣ ਪਿਛੋਂ ਪੰਜਾਬ ਵਿਚ ਬਗੈਰ ਲਾਈਸੈਂਸ ਕਿਸੇ ਪ੍ਰਕਾਰ ਦਾ ਹਥਿਆਰ ਰੱਖਣਾ ਜੁਰਮ ਕਰਾਰ ਦਿਤਾ ਗਿਆ ਸੀ। ਇਸ ਦੀ ਸਜ਼ਾ ਕੈਦ ਅਤੇ ਜੁਰਮਾਨਾ ਸੀ। ਸਿਖਾਂ ਦਾ ਧਾਰਮਿਕ ਚਿੰਨ੍ਹ ਕਿਰਪਾਨ ਅਥਵਾ ਤਲਵਾਰ ਵੀ ਇਸ ਵਿਚ ਸ਼ਾਮਲ ਸੀ। ਅੰਗਰੇਜ਼ੀ

Sri Satguru Jagjit Singh Ji Elibrary NamdhariElibrary@gmail.com

ਸਰਕਾਰ ਵਲੋਂ ਮੁੱਕਰਰ ਕੀਤੇ ਗਏ ਗੁਰਦੁਵਾਰਿਆਂ ਦੇ ਸਰਬਰਾਹਾਂ ਅਤੇ ਤਖਤਾਂ ਦੇ ਪੁਜਾਰੀਆਂ ਨੇ ਹਰ ਸਮੇਂ ਪਹਿਨਣ ਵਾਲੀ ਕਿਰਪਾਣ ਦੀ ੩ ਇੰਚ ਦੀ ਲੰਬਾਈ ਦਸ ਕੇ ਅੰਗਰੇਜ਼ ਮਾਈ ਬਾਪ ਦੀ ਖੁਸ਼ਨੂਦੀ ਹਾਸਲ ਕਰ ਲਈ ਸੀ। ਪਵਿਤ੍ਰ ਨਗਰੀ ਵਿਚ ਖੁਲ੍ਹਮ ਖੁਲ੍ਹਾ ਗਊਬੱਧ ਹੁੰਦਾ ਵੇਖ ਕੇ ਗਰੀਬ ਹਾਹ ਦਾ ਹੌਕਾ ਭਰਕੇ ਉਠੇ ਪਏ ਜੋਸ਼ ਅਤੇ ਉਬਲਦੇ ਹੋਏ ਖੂਨ ਨੂੰ ਦਿਲ ਵਿਚ ਹੀ ਪੀ ਜਾਂਦੇ।

ਸਮਾਂ ਲੰਘਦਾ ਗਿਆ, ਅੰਗਰੇਜ਼ਾਂ ਨੇ ਪੰਜਾਬ ਨੂੰ ਚੰਗੀ ਤਰ੍ਹਾਂ ਕਾਬੂ ਕਰ ਲਿਆ। ਦੀਵਾਨ ਮੂਲ ਰਾਜ ਗਵਰਨਰ ਮੁਲਤਾਨ, ਰਾਜਾ ਚਤਰ ਸਿੰਘ ਅਟਾਰੀ, ਰਾਜਾ ਸ਼ੇਰ ਸਿੰਘ ਅਟਾਰੀ, ਰਾਜਾ ਸੁਰਤ ਸਿੰਘ ਮਜੀਠੀਆ, ਸਰਦਾਰ ਲਾਲ ਸਿੰਘ ਮੁਰਾੜੀਆ, ਦੀਵਾਨ ਬੂਟਾ ਸਿੰਘ ਆਦਿ ਅੰਗਰੇਜ਼ਾਂ ਅਤੇ ਸਿਖਾਂ ਦੀ ਦੂਸਰੀ ਲੜਾਈ ਦੇ ਆਗੂਆਂ ਤੇ ਸਿਆਸੀ ਮੁਕੱਦਮੇ ਚਲਾਏ ਗਏ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲੇ ਦਿਤੇ ਗਏ। ੨੧ ਦਸੰਬਰ ੧੮੪੯ ਨੂੰ ਮਹਾ ਰਾਜਾ ਦਲੀਪ ਸਿੰਘ ਨੂੰ ਪੰਜਾਬ ਤੋਂ ਜਲਾਵਤਨ ਕਰਕੇ ਫਤਹਿਪੁਰ ਸੀਕਰੀ ਪਹੁੰਚਾ ਦਿਤਾ ਗਿਆ। ਮਾਰਚ ੧੮੫੩ ਵਿਚ ਨਾਬਾਲਗ ਦਲੀਪ ਸਿੰਘ ਨੂੰ ਪਰੇਰਨਾ ਕਰਕੇ ਉਸ ਦੇ ਕੇਸ ਮੁਨਵਾ ਦਿਤੇ। ਗੁਰਸਿਖੀ ਦੀ ਮੋਹਰ ਲਾਹ ਦਿਤੀ ਗਈ। ਅੰਗਰੇਜ਼ ਹਾਕਮਾਂ ਨੇ ਉਸ ਨੂੰ ਆਪਣੇ ਈਸਾਈ ਧਰਮ ਵਿਚ ਸ਼ਾਮਲ ਕਰ ਲਿਆ। ਅਪਰੈਲ ੧੮੫੪ ਵਿਚ ਮਹਾ ਰਾਜਾ ਦਲੀਪ ਸਿੰਘ ਨੂੰ ਇੰਗਲਿਸਤਾਨ ਭੇਜ ਦਿਤਾ ਗਿਆ।

ਗਊ ਕੁਸ਼ੀ ਦੀ ਖੁਲੀ ਅਜਾਜ਼ਤ ਦੇਵਣ ਪਿਛੋਂ ਪੰਜਾਬ ਵਿਚ ਕਿਸ ਕਿਸਮ ਦੇ ਹਾਲਾਤ ਪੈਦਾ ਹੋਏ, ਇਸ ਦੇ ਖੋਜ ਦੀ ਅਜੇ ਲੋੜ ਹੈ। ਅੰਮ੍ਰਿਤਸਰ ਸ਼ਹਿਰ ਦੇ ਹਿੰਦੂ ਮੁਸਲਮਾਨਾਂ ਦੇ ਦਿਲਾਂ ਵਿਚ ਇਕ ਦੂਸਰੇ ਦੇ ਖਿਲਾਫ ਸ਼ਕ, ਸੰਸੇ ਅਤੇ ਵਰੋਧ ਜ਼ਰੂਰ ਪੈ ਗਏ। ਅੰਗਰੇਜ਼ਾਂ ਦੀ ਵਦੇਸ਼ੀ ਹਕੂਮਤ ਦੀ ਸਿਆਸਤ "ਪਾੜੋ ਅਤੇ ਰਾਜ ਕਰੋ" ਦਾ ਇਹ ਪਹਿਲਾ ਵਾਰ ਸੀ। ਸ਼ਹਿਰ ਦੀ ਵਸੋਂ ਵਿਚਕਾਰ ਵੈਰ ਦੀਆਂ ਚੰਗਿਆੜੀਆਂ ਚਮਕਣੀਆਂ ਸ਼ੁਰੂ ਹੋ ਗਈਆਂ। ੭ ਮਈ ੧੮੫੬ ਨੂੰ ਖੁਲਾ ਗਊ ਮਾਸ ਵੇਚਣ ਸਬੰਧੀ ਇਕ ਮੁੱਕਦਮਾ ਮਿਸਟਰ ਐਫ ਕੂਪਰ ਦੇ ਸਾਹਮਣੇ ਪੇਸ਼ ਹੋਇਆ।

ਬੁਚੜ ਖਾਨੇ ਖੁਲ੍ਹਣ ਨਾਲ ਪੰਜਾਬ ਵਿਚ ਕੱਚੇ ਚਮੜੇ ਦਾ ਬਿਉਪਾਰ ਖੂਬ ਚਲਿਆ। ਉਤਰੀ ਭਾਰਤ ਵਿਚ ਅੰਮ੍ਰਿਤਸਰ ਦਾ ਸ਼ਹਿਰ ਚਮੜੇ ਸਭ ਤੋਂ ਵੱਡੀ ਮੰਡੀ ਬਣ ਗਿਆ। ਇੰਗਲੈਂਡ ਦੀਆਂ ਚਮੜੇ ਦਾ ਵਪਾਰ ਕਰਨ ਵਾਲੀਆਂ ਕੰਪਨੀਆਂ, ਨੇ ਅੰਮ੍ਰਿਤਸਰ ਵਿਚ ਅਪਣੇ ਏਜੰਟ ਮੁਕਰਰ ਕਰ ਦਿਤੇ। ਬੀਮਾਰੀ ਯਾ ਬੁਢੇਪੇ ਕਾਰਨ ਮਰੇ ਹੋਏ ਜਾਨਵਰਾਂ ਦੇ ਚਮੜੇ ਵਿਚ ਕੀਮਤ ਦਾ ਕਾਫੀ ਫਰਕ ਹੁੰਦਾ ਹੈ। ਇਕ ਸਾਲ ਤੋਂ ਘੱਟ ਉਮਰ ਦੇ ਵੱਛੇ ਦਾ ਚਮੜਾ ਅਤੇ ਹਲੀਂ ਜੋੜਣ ਤੋਂ ਪਹਿਲਾਂ ਦੇ ਵੈਹੜਕੇ ਦਾ ਚਮੜਾ ਖਾਸ ਖਾਸ ਕੰਮਾਂ ਲਈ ਵਰਤੇ ਜਾਂਦੇ ਹਨ। ਅਤੇ ਚੰਗਾ ਮੁਲ ਪਾਂਦੇ ਹਨ। ਇੰਗਲੈਂਡ ਦੀਆਂ ਤਜਾਰਤੀ ਫਰਮਾਂ ਹਿੰਦੁਸਤਾਨੀ ਡੰਗਰਾਂ ਦਾ ਕਚਾ ਚਮੜਾ ਏਥੇ ਲਜਾਕੇ ਕੁਝ ਯੋਰਪ ਦੇ ਮੁਲਕਾਂ ਵਿਚ ਵੇਚ ਦਿੰਦੀਆਂ ਅਤੇ ਬਾਕੀ ਦਾ ਆਪਣੇ ਕਾਰਖਾਨਿਆਂ ਵਿਚ ਰੰਗ ਕੇ ਕਾਫੀ ਨਫਾ ਕਮਾਂਦੀਆਂ। ਅੰਮ੍ਰਿਤਸਰ ਵਿਚ ਮੁਸਲਮਾਨ ਸ਼ੇਖਾਂ ਨੇ ਤਜਾਰਤੀ ਫਰਮਾਂ ਖੋਹਲ ਲਈਆਂ ਅਤੇ ਬੁਚੜਾਂ ਨੇ ਧੜਾ ਧੜ ਜਵਾਨ ਗਊਆਂ, ਵੈਹੜਕੇ, ਵੱਛੇ, ਬੁਢੇ ਬੈਲ ਤੇ ਬੁਢੀਆਂ ਗਾਈਆਂ ਮਾਰਨੀਆਂ ਸ਼ੁਰੂ ਕੀਤੀਆਂ। ਗਊਆਂ ਅਤੇ ਵਛਿਆਂ ਦਾ ਚਮੜਾ ਮੱਝਾਂ ਦੇ ਚਮੜੇ ਨਾਲੋਂ ਮਹਿੰਗੇ ਭਾਅ ਵਿਕਦਾ ਹੈ ਅਤੇ ਮਝਾਂ ਤੇ ਕਟਿਆਂ ਦੇ ਮਾਸ ਨਾਲੋਂ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ। ਬੁੱਚੜ ਨਫਾ ਕਮਾਉਣ ਖਾਤਰ ਗਊਆਂ, ਵਛਿਆਂ, ਵੈਹੜਕਿਆਂ ਨੂੰ ਹੀ ਹਲਾਲ ਕਰਦੇ ਸਨ। ਅੰਗਰੇਜ਼ੀ ਹਾਕਮਾਂ ਨੇ, ਨਾ ਹੀ ਹਰ ਇਕ ਬੁਚੜ ਖਾਣੇ ਵਿਚ ਮਾਰੇ ਜਾਣ ਵਾਲੇ ਜਾਨਵਰਾਂ ਦੀ ਗਿਣਤੀ ਤੇ ਪਾਬੰਦੀ ਲਾਹੀ ਸੀ ਅਤੇ ਨਾ ਹੀ ਜਾਨਵਰਾਂ ਦੀਆਂ ਉਮਰਾਂ ਅਤੇ ਉਨ੍ਹਾਂ ਦੀਆਂ ਹਾਲਤਾਂ ਸਬੰਧੀ ਰੋਕ ਟੋਕ ਮੁਕੱਰਰ ਕੀਤੀ ਸੀ। ਅੰਦਾਜ਼ਾ ਹੈ ਕਿ ਬੁਚੜਖਾਨੇ ਵਿਚ ਮਾਰੇ ਹੋਏ ਜਾਨਵਰਾਂ ਦੇ ਚਮੜੇ, ਮਾਸ ਖੁਰ ਸਿੰਗਾਂ ਆਦਿ ਦੀ ਕੀਮਤ ਅਸਲ ਮੁਲ ਨਾਲੋਂ ਘਟੋ ਘਟ ਦੁਗਣੀ ਵਸੂਲ ਹੋ ਜਾਂਦੀ ਹੈ। ਬਕਰੇ ਦੇ ਮਾਸ ਨਾਲੋਂ ਗਊ ਦਾ ਮਾਸ ਸਿਰਫ ਤਿਹਾਈ ਮੁਲ ਤੇ ਵਿਕਦਾ ਹੈ।

ਅੰਮ੍ਰਿਤਸਰ ਵਿਚ ਗਊ ਖਾਣ ਵਾਲੇ ਅੰਗਰੇਜ਼ ਹਾਕਮਾਂ, ਗੋਰਿਆਂ ਦੀ ਫੋਜ ਲਈ ਗਊ ਮਾਸ ਦੇਣ ਵਾਲੇ ਮੁਸਲਮਾਨ ਠੇਕੇਦਾਰਾਂ, ਚਮੜੇ ਦਾ ਵਪਾਰ ਕਰਨ ਵਾਲੇ ਮੁਸਲਮਾਨ ਸ਼ੇਖਾਂ, ਬੁਚੜਖਾਨਿਆਂ ਵਿਚ ਗਾਈਆਂ ਨੂੰ ਮਾਰਨ ਵਾਲੇ ਬੁਚੜਾਂ, ਬਾਹਰ ਦੇ ਪਿੰਡਾਂ ਅਤੇ ਮੰਡੀਆਂ ਵਿਚੋਂ ਗਾਈਆਂ ਲਿਆ ਕੇ

Sri Satguru Jagjit Singh Ji Elibrary NamdhariElibrary@gmail.com

ਦੇਣ ਵਾਲੇ ਮੁਸਲਮਾਨ ਬਪਾਰੀਆਂ ਦਾ ਇਕ ਚੰਗਾ ਜੁਟ ਤੇ ਧੜਾ ਬੱਝ ਗਿਆ । ਸ਼ਹਿਰ ਵਿਚ ਮਜ਼ਦੂਰੀ ਪੇਸ਼ਾ ਕਰਨ ਵਾਲੇ ਕਸ਼ਮੀਰੀਆਂ ਤੇ ਵੀ ਇਸ ਦਾ ਅਸਰ ਹੋਇਆ । ਬਦਕਿਸਮਤੀ ਨਾਲ ਇਨ੍ਹਾਂ ਸਾਲਾਂ ਵਿਚ ਉਪਰੋਂਥਲੀ ਮੀਂਹ ਨ ਪਏ । ਮੰਦਵਾੜੇ ਆਏ ਤੇ ਦਾਣੇ ਮਹਿੰਗੇ ਹੋ ਗਏ । ਅਨਾਜ ਖਰੀਦਣ ਲਈ ਲੋਕਾਂ ਨੇ ਡੰਗਰ ਬੇਚਣੇ ਸ਼ੁਰੂ ਕਰ ਦਿਤੇ । ਪਿੰਡਾਂ ਵਿਚ ਡੰਗਰ ਸਸਤੇ ਹੋ ਗਏ । ਬੁਚੜਾਂ ਤੇ ਠੇਕੇਦਾਰਾਂ ਨੂੰ ਬੇਹਦ ਨਫਾ ਹੋਣ ਲਗਾ । ਸ਼ਹਿਰ ਅੰਮ੍ਰਿਤਸਰ ਵਿਚ ਗਊ ਮਾਸ ਦੀ ਖਪਤ ਬਹੁਤ ਹੀ ਵਧ ਗਈ ਅਤੇ ੧੦੦ ਵਿਚੋਂ ੯੦ ਮੁਸਲਮਾਨਾਂ ਦੇ ਘਰੀਂ ਗਊ ਮਾਸ ਰਿਝਣ ਲੱਗਾ । ਇਸ ਦਾ ਨਤੀਜਾ ਇਹ ਨਿਕਲਿਆ ਕਿ ਅੰਮ੍ਰਤਸਰ, ਗੁਰਦਾਸਪੁਰ ਅਤੇ ਲਾਹੌਰ ਦੇ ਜ਼ਿਲਿਆਂ ਵਿਚ ਚੰਗੀ ਨਸਲ ਦੀਆਂ ਦੁਧ ਦੇਣ ਵਾਲੀਆਂ ਗਾਈਆਂ ਅਤੇ ਚੰਗੀ ਨਸਲ ਦੇ ਵਾਹੀ ਕਰਨ ਵਾਲੇ ਵੈਹੜਕੇ ਅਤੇ ਬੈਲ ਨਹੀਂ ਮਿਲ ਸਕਦੇ ਸਨ । ਪਿੰਡਾਂ ਦੇ ਹਲਵਾਹ ਜੱਟ ਸਿਖ, ਸੰਢੇ ਸੰਢੀਆਂ ਅਤੇ ਤੋਕੜ ਮੱਝਾਂ, ਹਲੀਂ ਜੋੜਨ ਲਗ ਪਏ । ਬੈਲਾਂ ਦੀ ਖੇਤੀ ਅਤੇ ਸੰਢੇ ਸੰਢੀਆਂ ਦੀ ਖੇਤੀ ਵਿਚ ਬਹੁਤ ਫਰਕ ਹੈ । ਅਸੀ ਸਾਲ ਪਿਛੋਂ ਇਸਦੇ ਨਤੀਜੇ ਲਾਇਲਪੁਰ, ਮਿੰਟਗੁਮਰੀ ਦੀਆਂ ਬਾਰਾਂ ਵਿਚ ਜ਼ਾਹਰ ਹੋਏ । ਇਕੋ ਗੋਤ, ਇਕੋ ਦੇਸ਼ ਅਤੇ ਇਕੋ ਪੇਸ਼ਾ ਖੇਤੀ ਦੇ ਕਰਨ ਵਾਲੇ ਲੁਦਿਆਣਾ, ਫੀਰੋਜ਼ਪੁਰ, ਜਲੰਧਰ ਅਤੇ ਅੰਬਾਲਾ ਦੇ ਜ਼ਿਲਿਆਂ ਦੇ ਜੱਟਾਂ ਨੇ ਬਾਰਾਂ ਆਬਾਦ ਹੋਣ ਤੋਂ ਪਿਛੋਂ ਜਿਥੇ ੫੦ ਸਾਲ ਦੇ ਸਮੇਂ ਵਿਚ ਇਕ ਇਕ ਯਾ ਅੱਧੇ ਅੱਧੇ ਮੁਰੱਬੇ ਤੋਂ ਘਟੋ ਘਟ ਤਿੰਨ ਤਿੰਨ ਚਾਰ ਚਾਰ ਮੁਰੱਬੇ ਬਣਾ ਲਏ ਸਨ, ਉਥੇ ਅੰਮ੍ਰਿਤਸਰ, ਲਾਹੌਰ, ਗੁਰਦਾਸਪੁਰ ਜ਼ਿਲਿਆਂ ਦੇ ਜੱਟ ਸਿਖ ਮੁਸ਼ਕਲ ਨਾਲ ਹੀ ਆਪਣੇ ਬਾਬਿਆਂ ਨੂੰ ਮਿਲੀਆਂ ਜ਼ਮੀਨਾਂ ਆਪਣੇ ਪਾਸ ਰਖ ਸਕੇ । ਇਹ ਇਕ ਖੁਲੀ ਸਚਾਈ ਹੈ ।

ਗੁਰੂ ਦੀ ਨਗਰੀ ਅੰਮ੍ਰਤਸਰ ਸ਼ਹਿਰ ਵਿਚ ਬੁਚੜ-ਖਾਨਾ ਖੁਲੇ ਨੂੰ ੧੩ ਸਾਲ ਹੋ ਗਏ ਸਨ । ਕਿਸੇ ਭੀ ਨਾਮੀ ਹਿੰਦੂ ਯਾ ਸਿਖ ਨੇ ਇਸ ਦੇ ਬਰਖਲਾਫ ਆਵਾਜ਼ ਨਹੀਂ ਉਠਾਈ ਸੀ । ਮਿਹਨਤਕਸ਼ ਗਰੀਬ ਹਿੰਦੂ ਅਤੇ ਸਿੱਖ ਉਨ੍ਹਾਂ ਮਹਲਿਆਂ ਵਿਚ ਸਨ, ਜਿਥੇ ਮੁਸਲਮਾਨ ਹਰ ਰੋਜ਼ ਗਊ ਮਾਸ ਦੀਆਂ ਹਾਂਡੀਆਂ ਪਕਾਂਦੇ ਸਨ ਅਤੇ ਜੂਠੀਆਂ ਹੱਡੀਆਂ ਕੂੜੇ ਵਿਚ ਸੁਟ ਦਿੰਦੇ । ਕਾਂ ਅਤੇ ਇੱਲ੍ਹਾਂ ਇਨ੍ਹਾਂ ਹੱਡੀਆਂ ਨੂੰ ਚੁਕ ਕੇ ਹਿੰਦੂ ਅਤੇ ਸਿਖ ਪੜੋਸੀਆਂ ਦੇ ਘਰਾਂ ਤੇ ਜਾ ਬੈਠਦੀਆਂ । ਹੱਡੀਆਂ ਚੂੰਡ ਕੇ ਜਾਨਵਰ ਹਡੀਆਂ ਨੂੰ ਉਸ ਥਾਂ ਤੇ ਹੀ ਸੁਟ ਜਾਂਦੇ ਅਤੇ ਇਸ ਤਰ੍ਹਾਂ ਮੁਸਲਮਾਨਾਂ ਦੇ ਗਵਾਂਢ ਵਿਚ ਰਹਿਣ ਵਾਲੇ ਗਰੀਬ ਹਿੰਦੂ ਸਿਖਾਂ ਦੇ ਘਰ ਗਊਆਂ ਦੀਆਂ ਹੱਡੀਆਂ ਨਾਲ ਭਰਿਸ਼ਟ ਹੀ ਹੋਏ ਰਹਿੰਦੇ । ਦੂਜੇ ਪਾਸੇ ਸ਼ਹਿਰ ਦੇ ਮੁਸਲਮਾਨਾਂ ਦੇ ਹੌਸਲੇ ਬਹੁਤ ਵਧ ਗਏ ਸਨ । ਗਊ ਖਾਣ ਵਾਲੇ ਅੰਗਰੇਜ਼ ਹਾਕਮ ਇਸ ਮਾਮਲੇ ਵਿਚ ਹਮੇਸ਼ਾਂ ਹੀ ਮੁਸਲਮਾਨਾਂ ਦੀ ਤਰਫਦਾਰੀ ਕਰਦੇ ਸਨ । ਸਾਰੇ ਮੁਸਲਮਾਨ ਇਕ ਮੁਠ ਸਨ । ਅਤੇ ਹਿੰਦੂ ਅਤੇ ਸਿੱਖ ਵੱਖ ੨ ਤੇਰਾਂ ਤੀਲੇ ਪੁਰਾਣੀ ਕਹਾਵਤ ਹੈ ਕਿ ੧੦੦ ਮੁਸਲਮਾਨ ਇਕ ਹੁਕੇ ਤੇ ਇਕੱਠੇ ਬੈਠ ਸਕਦੇ ਹਨ ਪਰ ਦੋ ਹਿੰਦੂ ਜਾਂ ਦੋ ਸਿਖ ਦਰਿਆ ਪਾਰ ਕਰਨ ਲਈ ਇਕ ਬੇੜੀ ਵਿਚ ਇਕਠੇ ਚੜ੍ਹਨਾ ਪਸੰਦ ਨਹੀਂ ਕਰਦੇ ।

ਮੁਸਲਮਾਨ ਬੁਚੜਾਂ ਨੇ ਗਊ ਮਾਸ ਸ਼ਹਿਰ ਵਿਚ ਲਿਆ ਕੇ ਚੋਰੀ ਛਪੇ ਵੇਚਣਾ ਸ਼ੁਰੂ ਕੀਤਾ, ਕਿਉਂ ਜੋ ਇਤਨੇ ਜ਼ਿਆਦਾ ਗਾਹਕ ਸ਼ਹਿਰੋਂ ਬਾਹਰ ਜਾ ਕੇ ਬੁਚੜਖਾਨੇ ਤੋਂ ਮਾਸ ਨਹੀਂ ਲਿਆ ਸਕਦੇ ਸਨ । ਇਸ ਤੋਂ ਪਿਛੋਂ ਮੁਸਲਮਾਨਾਂ ਦੇ ਵਸੋਂ ਵਾਲੇ ਮਹਲਿਆਂ ਵਿਚ ਖਾਸ ਖਾਸ ਥਾਵਾਂ ਤੇ ਗਊ ਮਾਸ ਵਿਕਣ ਲਗਾ । ਹੁੰਦਿਆਂ ਹੁੰਦਿਆਂ ਮੁਸਲਮਾਨਾਂ ਦੇ ਹੌਸਲੇ ਇਤਨੇ ਵਧੇ, ਕਿ ਉਹ ਖੁਲਮ ਖੁਲ੍ਹਾ ਗਊ ਮਾਸ ਟੋਕਰਿਆਂ ਵਿਚ ਪਾ ਕੇ ਵੇਚਣ ਲਗੇ । ਗਲੀਆਂ ਮਹਲਿਆਂ, ਬਜ਼ਾਰਾਂ ਵਿਚ ਹੋਕਾ ਦੇ ਕੇ ਵੇਚਦੇ ਅਤੇ ਕਈ ਵਾਰ ਹਿੰਦੂ ਵਸੋਂ ਦੇ ਘੁਗ ਵਸਦੇ ਮਹਲਿਆਂ ਵਿਚ ਟੋਕਰਾਂ ਚੁਕੀ ਫਿਰਦੇ ਅਤੇ ਐਸੇ ਮੱਹਲੇ ਵਿਚ ਰਹਿੰਦੇ ਕਿਸੇ ਟਾਂਵੇਂ ਟਾਵੇਂ ਮੁਸਲਮਾਨ ਨੂੰ ਗਊ ਮਾਸ ਵੇਚ ਜਾਂਦੇ । ਮਈ ੧੮੯੩ ਵਿਚ ਇਕ ਮੁਸਲਮਾਨ ਹਿੰਦੂਆਂ ਦੇ ਮੱਹਲੇ ਵਿਚ ਗਊ ਮਾਸ ਵੇਚਦਾ ਫੜਿਆ ਗਿਆ । ਇਸ ਦਾ ਮੁਕੱਦਮਾ ਦੋ ਆਨਰੇਰੀ ਮਜਸਟਰੇਟਾਂ, ਇਕ ਹਿੰਦੂ ਅਤੇ ਇਕ ਮੁਸਲਮਾਨ ਦੇ ਸਾਹਮਣੇ ਪੇਸ਼ ਹੋਇਆ । ਦੋਨਾਂ ਮਜਸਟਰੇਟਾਂ ਨੇ ਉਸ ਨੂੰ ਦੋਸ਼ੀ ਕਰਾਰ ਦੇ ਕੇ ੩ ਮਹੀਨੇ ਕੈਦ ਅਤੇ ੫੦ ਰੁਪਏ ਜੁਰਮਾਨਾ ਕਰਕੇ ਡਿਪਟੀ ਕਮਿਸ਼ਨਰ ਪਾਸ ਮਿਸਲ ਭੇਜ ਦਿਤੀ । ਮਿਸਲ ਵਿਚ ਮਜਸਟਰੇਟਾਂ ਨੇ ਇਹ ਵੀ ਲਿਖਿਆ ਕਿ ਸ਼ਹਿਰ ਵਿਚ ਗਊ ਦਾ ਮਾਸ ਵੇਚਣ ਦੀ ਬਿਲਕੁਲ ਇਜਾਜ਼ਤ ਨਹੀਂ ਅਤੇ ਨਾ ਹੀ ਐਸੇ ਪਹਿਲੇ ਕਦੀ ਹੋਇਆ ਹੈ । ਮੇਜਰ ਫੈਰਿੰਗਟਨ ਕਮਿਸ਼ਨਰ

Sri Satguru Jagjit Singh Ji Elibrary NamdhariElibrary@gmail.com

ਮੁਕੱਦਮੇ ਦੀ ਸ਼ਕਲ ਹੀ ਬਦਲ ਦਿਤੀ ਅਤੇ ਲਿਖਿਆ ਕਿ ਇਸ ਕਿਸਮ ਦਾ ਕੋਈ ਹੁਕਮ ਯਾਂ ਹਦਾਇਤ ਦਫਤਰ ਦੇ ਰਿਕਾਰਡ ਅਥਵਾ ਕਾਗਜ਼ਾਂ ਵਿਚ ਮੌਜੂਦ ਨਹੀਂ। ਜੁਡੀਸ਼ਲ ਕਮਿਸ਼ਨਰ ਨੇ ੨੯ ਜੂਨ ੧੮੬੩ ਨੂੰ ਅਪੀਲ ਦਾ ਫੈਸਲਾ ਸੁਣਾਂਦੇ ਹੋਏ ਦੋਸ਼ੀ ਨੂੰ ਬਰੀ ਕਰ ਦਿਤਾ ਅਤੇ ਫੈਸਲੇ ਦੇ ਅਖੀਰ ਵਿਚ ਲਿਖ ਦਿਤਾ ਕਿ ਕਾਨੂੰਨ ਦੇ ਮਨਸ਼ੇ ਅਨੁਸਾਰ ਸ਼ਹਿਰ ਅੰਮ੍ਰਿਤਸਰ ਵਿਚ ਗਊ ਮਾਸ ਦਾ ਵੇਚਣਾ ਬੰਦ ਨਹੀਂ ਕੀਤਾ ਜਾ ਸਕਦਾ। ਜੇ ਪਹਿਲੋਂ ਕਦੀਂ ਕੋਈ ਐਸਾ ਹੁਕਮ ਕੀਤਾ ਗਿਆ ਹੈ ਤਾਂ ਉਹ ਮੁਕਾਮੀ ਯਾ ਵਕਤੀ ਹੀ ਹੋਵੇਗਾ। ਉਸ ਦੀ ਕਾਨੂੰਨੀ ਹੈਸੀਅਤ ਕੁਛ ਨਹੀਂ ਹੋ ਸਕਦੀ। ਅਖੀਰ ਵਿਚ ਇਸ ਮੁਸਲਮਾਨ ਨੂੰ ਸਾਫ ਬਰੀ ਕਰ ਦਿਤਾ। ਐਸਾ ਕਰਨ ਵਿਚ ਕਮਿਸ਼ਨਰ ਅਤੇ ਜੁਡੀਸ਼ਲ ਕਮਿਸ਼ਨਰ ਨੇ ਆਪਣੀ ਧੱਕੇਸ਼ਾਹੀ ਵਰਤੀ ਅਤੇ ਸਰਕਾਰ ਪਾਸੋਂ ਕੋਈ ਮਨਜ਼ੂਰੀ ਯਾ ਸੰਮਤੀ ਨਹੀਂ ਲਈ ਗਈ ਸੀ।

ਮੁਸਲਮਾਨ ਬੁੱਚੜਾਂ ਅਤੇ ਗਊ ਮਾਸ ਵੇਚਣ ਵਾਲਿਆਂ ਨੇ ਇਸ ਮੁੱਕਦਮੇ ਦੇ ਫੈਸਲੇ ਵਾਲੇ ਹੁਕਮ ਤੋਂ ਲਾਭ ਉਠਾਇਆ। ਗਊ ਮਾਸ ਸਾਰੇ ਦਾ ਸਾਰਾ ਸ਼ਹਿਰ ਵਿਚ ਲਿਆਂਦਾ ਜਾਂਦਾ ਅਤੇ ਟੋਕਰਿਆਂ ਵਿਚ ਪਾ ਕੇ ਹਿੰਦੂਆਂ ਦੀ ਬਹੁ-ਗਿਣਤੀ ਵਾਲੇ ਮੱਹਲਿਆਂ ਵਿਚ ਭੀ ਹੋਕੇ ਦੇ ਕੇ ਲੋਕਾਂ ਦੇ ਸਾਹਮਣੇ ਗਾਹਕਾਂ ਨੂੰ ਵੇਚਿਆ ਜਾਂਦਾ। ਬਕਰੇ ਹਲਾਲ ਕਰਨ ਵਾਲੇ ਅਤੇ ਵੇਚਣ ਵਾਲੇ ਮੁਸਲਮਾਨ ਕਸਾਈ ਨਫਾ ਕਮੌਣ ਲਈ ਕਈ ਵਾਰ ਮੋਟਾ ਮਾਸ ਬਕਰੇ ਦੇ ਮਾਸ ਵਿਚ ਮਿਲਾਕੇ ਹਿੰਦੂ ਗਾਹਕਾਂ ਨੂੰ ਵੇਚ ਦਿੰਦੇ। ਉਸ ਸਮੇਂ ਸ਼ਹਿਰ ਵਿਚ ਸਿਖ ਝਟਕਈਆਂ ਦੀਆ ਥੋੜ੍ਹੀਆਂ ਹੀ ਦੁਕਾਨਾਂ ਸਨ ਅਤੇ ਬਹੁਤ ਸਾਰੇ ਹਿੰਦੂ ਅਤੇ ਕੱਚੇ ਪਿਲੇ ਢਿਲੜ ਸਿਖ ਕਸਾਈਆਂ ਦੀਆਂ ਦੁਕਾਨਾਂ ਤੋਂ ਹੀ ਹਲਾਲੀ ਖਰੀਦ ਕੇ ਖਾ ਪੀ ਲੈਂਦੇ ਸਨ। ਅੱਜ ਕਲ ਭੀ ਸ਼ਹਿਰਾਂ ਵਿਚ ਵਸਣ ਵਾਲੇ ਹਿੰਦੂ ਮੁਸਲਨਾਨਾਂ ਦੀਆਂ ਦੁਕਾਨਾਂ ਤੋਂ ਹਲਾਲੀ ਖਰੀਦ ਕੇ ਖਾ ਜਾਂਦੇ ਹਣ। ਕਦੀ ਇਹ ਦੇਖਣ ਯਾ ਜਾਨਣ ਦੀ ਕੋਸ਼ਿਸ਼ ਭੀ ਨਹੀਂ ਕਰਦੇ ਕਿ ਕਸਾਈ ਕਿਧਰੇ ਬਕਰੇ ਦਾ ਮਾਸ ਵਿਚ ਮੋਟਾ ਮਾਸ ਤਾਂ ਨਹੀਂ ਮਿਲਾ ਦਿੰਦੇ।

ਨਵੰਬਰ ੧੮੬੪ ਵਿਚ ਸ਼ਹਿਰ ਦੇ ਹਿੰਦੂ ਮੁਸਲਮਾਨਾਂ ਵਿਚ ਸ਼ਹਿਰ ਅੰਦਰ ਗਊ ਮਾਸ ਵਿਕਣ ਤੇ ਫੇਰ ਖਿਚੋ ਤਾਣੀ ਵਧੀ। ਇਸ ਮੱਕਦਮੇ ਦੀ ਮਿਸਲ ਅਜੇ ਤਕ ਲੇਖਕ ਨੇ ਨਹੀਂ ਦੇਖੀ। ੧੮੬੯ ਵਿਚ ਅੰਮ੍ਰਿਤਸਰ ਦੀ ਮਿਉਨਸਪਲ ਕਮੇਟੀ ਨੇ ॥) ਅਠ ਆਨੇ ਡੰਗਰ ਦੇ ਕਟੇ ਹੋਏ ਸਿਰ ਤੇ ਟੈਕਸ ਲਾ ਦਿਤਾ। ਅਪਰੈਲ ੧੮੭੧ ਵਿਚ ਗਊ ਹੱਤਯਾ ਅਤੇ ਸ਼ਹਿਰ ਵਿਚ ਗਊ ਮਾਸ ਵਿਕਣ ਦੇ ਮਾਮਲਿਆਂ ਤੇ ਹਿੰਦੂ ਮੁਸਲਮਾਨਾਂ ਵਿਚਕਾਰ ਫੇਰ ਤਣਾ ਤਣੀ ਤੇ ਖਿਚਾ ਖਿਚੀ ਸ਼ੁਰੂ ਹੋਈ। ੩ ਅਪਰੈਲ ਨੂੰ ਹਿੰਦੂ ਮੁਸਲਮਾਨਾਂ ਦੀ ਆਪਸ ਵਿਚ ਲੜਾਈ ਹੁੰਦੀ ਹੁੰਦੀ ਬਚੀ ਅਤੇ ਮੇਜਰ ਡਬਲਿਊ. ਜੀ. ਡੇਵਿਸ ਨੇ ਹੁਸ਼ਿਆਰੀ ਨਾਲ ਮੌਕੇ ਨੂੰ ਸੰਭਾਲ ਲਿਆ। ੨੪ ਅਪਰੈਲ ਵਾਲੇ ਦਿਨ ਭਾਈ ਦੇਵਾ ਸਿੰਘ ਸੇਵਕ ਭਾਈ ਵੀਰ ਸਿੰਘ ਜੀ ਨੌਰੰਗਾਬਾਦੀ ਨੇ ਗਊ ਦਾ ਹੱਡ ਦਰਬਾਰ ਸਾਹਿਬ ਅੰਦਰ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਲਿਆ ਰਖਿਆ। ਇਸ ਤੇ ਸ਼ਹਿਰ ਦੇ ਹਿੰਦੂ ਸਿਖਾਂ ਵਿਚ ਬਹੁਤ ਜੋਸ਼ ਫੈਲ ਗਿਆ ਅਤੇ ਫਿਰਕੇਦਾਰੀ ਦੀ ਦੱਬੀ ਹੋਈ ਅੱਗ ਫੇਰ ਭੜਕ ਉਠੀ। ਹਿੰਦੂਆਂ ਅਤੇ ਸਿਖਾਂ ਦੀਆਂ ਟੋਲੀਆਂ ਕਠੀਆਂ ਹੋਣੀਆਂ ਸ਼ੁਰੂ ਹੋ ਗਈਆਂ। ਰਈਸਾਂ ਨੂੰ ਛਡ ਕੇ ਬਾਕੀ ਹਿੰਦੂ ਸਿਖ ਜਨਤਾ ਵਲੋਂ ਇਹ ਮੰਗ ਕੀਤੀ ਗਈ ਕਿ ਗਊ ਦੀ ਪਵਿਤਰ ਨਗਰੀ ਚੋਂ ਗਊ ਹਤਿਆ ਬਿਲਕੁਲ ਬੰਦ ਕੀਤੀ ਜਾਵੇ। ਛੋਟੀਆਂ ਛੋਟੀਆਂ ਗੱਲਾਂ ਦੇ ਬਹਾਨੇ ਅਗੇ ਰੱਖ ਕੇ ਸ਼ਹਿਰ ਵਿਚ ਹਿੰਦੂ ਮੁਸਲਿਮ ਫਸਾਦ ਹੋਣੇ ਸ਼ੁਰੂ ਹੋ ਗਏ। ਸਰਦਾਰ ਮੰਗਲ ਸਿੰਘ ਜੀ ਰਾਮਗੜੀਏ ਨੇ ਭਾਈ ਦੇਵਾ ਸਿੰਘ ਨੂੰ ਪਕੜਵਾ ਦਿਤਾ। ਭਾਈ ਦੇਵਾ ਸਿੰਘ ਤੇ ਹਿੰਦ ਡੰਡਾਵਲੀ ਦੀਆਂ ਖਾਸ ਧਾਰਾਂ ਦੇ ਮਾਤੈਹਤ ਮੁਕਦਮਾ ਚਲਿਆ ਅਤੇ ਉਸ ਨੂੰ ੧੫ ਮਈ ੧੮੭੧ ਨੂੰ ੩ ਸਾਲ ਦੀ ਸਖਤ ਕੈਦ ਦਾ ਹੁਕਮ ਹੋਇਆ। ਇਕ ਮਹੀਨੇ ਦੀ ਕੋਠੜੀ ਬੰਦ ਕੈਦ ਭੀ ਸੁਣਾਈ ਗਈ।

੮ ਮਈ ਨੂੰ ਰਾਤ ਨੂੰ ਸ਼ਹਿਰ ਵਿਚ ਫੇਰ ਰੌਲਾ ਪੈ ਗਿਆ ਅਤੇ ਹਿੰਦੂਆਂ ਨੇ ਤਿੰਨ ਕਸ਼ਮੀਰੀ ਮਸਲਮਾਨਾਂ ਨੂੰ ਧੋਲ ਧੱਪਾ ਕੀਤਾ। ਫਸਾਦ ਛਿੜਦੇ ਸਾਰ ਜ਼ਿਲੇ ਦਾ ਸੁਪਰਇੰਟੇਂਡੇਂਟ ਪੁਲੀਸ ਮਿਸਟਰ ਟਰਟਿਨ ਸਮਿਥ ਮੌਕੇ ਤੇ ਪਹੁੰਚ ਗਿਆ ਅਤੇ ਲੋਕੀ ਖਿੰਡ ਪੁੰਡ ਗਏ। ਮਿਸਟਰ ਸਮਿਥ ਨੂੰ ਕਿਸੇ ਨੇ ਰੋੜਾ ਕੱਢ ਮਾਰਿਆ। ਇਸ ਸਮੇਂ ਹਿੰਦੁਸਤਾਨੀ ਮਜਸਟਰੇਟ ਯਾ ਮਿਉਨੀਸਿਪੈਲਟੀ ਦੇ ਹਿੰਦੁਸਤਾਨੀ ਮੈਂਬਰਾਂ ਵਿਚੋਂ ਕੋਈ ਵੀ

Sri Satguru Jagjit Singh Ji Elibrary NamdhariElibrary@gmail.com

ਸੁਪਰਇੰਟੈਂਡੈਂਟ ਪੁਲੀਸ ਦੇ ਨਾਲ ਨਹੀਂ ਸੀ। ਇਸ ਗਲ ਦਾ ਪਤਾ ਲਗਣ ਤੇ ਡਿਪਟੀ ਕਮਿਸ਼ਨਰ ਨੇ ਸਾਰੇ ਹਿੰਦੁਸਤਾਨੀ ਮੈਂਬਰਾਂ ਚੋਧਰੀਆਂ ਨੂੰ ਆਪਣੀ ਕੋਠੀ ਤੇ ਬੁਲਾਇਆ ਅਤੇ ਹਦਾਇਤਾਂ ਦਿਤੀਆਂ।

੯ ਮਈ ਨੂੰ ਡਿਪਟੀ ਕਮਿਸ਼ਨਰ ਨੇ ਸ਼ਹਿਰ ਦੇ ਪਤਵੰਤਿਆਂ ਦੀ ਇਕ ਇਕੱਤਰਤਾ ਬੁਲਾਈ। ਇਸ ਵਿਚ ਸ਼ਹਿਰ ਦੇ ਵਸਨੀਕ ਹਿੰਦੂ ਮੁਸਲਮਾਨਾਂ ਵਿਚਕਾਰ ਮੇਲ ਜੋਲ ਰਖਣ ਅਤੇ ਪਰੇਮ ਪਿਆਰ ਨਾਲ ਰਹਿਣ ਲਈ ਪਰੇਰਨਾ ਕੀਤੀ ਗਈ।

ਫਸਾਦ ਕਰਨ ਦੇ ਜੁਰਮ ਵਿਚ ੯ ਮਈ ਨੂੰ ੨੨ ਹਿੰਦੂਆਂ ਤੇ ਮੁਕੱਦਮਾ ਚਲਾਇਆ ਗਿਆ। ਮੁਕਦਮਾ ਚਲੌਣ ਦਾ ਅਸਰ ਸ਼ਹਿਰ ਦੇ ਵਿਚਕਾਰਲੇ ਅਤੇ ਛੋਟੇ ਦਰਜੇ ਦੇ ਹਿੰਦੂ ਵਸਨੀਕਾਂ ਤੇ ਪਿਆ। ਉਨਾਂ ਨੇ ਮੁਸਲਮਾਨਾਂ ਨਾਲ ਤਜਾਰਤੀ ਬਾਈਕਾਟ ਕਰਨਾ ਸ਼ੁਰੂ ਕਰ ਦਿਤਾ। ਸ਼ਹਿਰ ਦੇ ਕਸੇਰਿਆਂ ਯਾ ਤਾਂਬੇ ਪਿਤਲ ਦੇ ਬਰਤਣ ਬਨੌਣ ਅਤੇ ਵੇਚਣ ਵਾਲਿਆਂ ਨੇ ਮੁਸਲਮਾਨਾਂ ਦੇ ਘਰਾਂ ਦੇ ਟੁਟੇ ਫੁਟੇ ਪਿਤਲ, ਤਾਂਬੇ ਦੇ ਭਾਂਡੇ ਲੈ ਕੇ ਵਟੋਣੇ ਇਸ ਬਹਾਨੇ ਬੰਦ ਕਰ ਦਿਤੇ ਕਿ ਮੁਸਲਮਾਨ ਇਨ੍ਹਾਂ ਭਾਂਡਿਆਂ ਵਿਚ ਗਊ ਮਾਸ ਰਿੰਨ੍ਹਦੇ ਹਨ। ਨਾਲ ਦੀ ਨਾਲ ਸ਼ਹਿਰ ਦੇ ਹਿੰਦੂਆਂ ਨੇ ਹਾੜ ਦੀ ਨਮਾਣੀ ਇਕਾਦਸ਼ੀ ਤੇ ਪੁੰਨ ਦਾਨ ਕਰਨ ਲਈ ਮੁਸਲਮਾਨ ਘੁਮਿਆਰਾਂ ਪਾਸੋਂ ਮਿਟੀ ਦੇ ਘੜੇ ਅਤੇ ਸੁਰਾਹੀਆਂ ਆਦਿ ਖਰੀਦਣ ਦਾ ਬਾਈਕਾਟ ਕਰ ਦਿਤਾ।

ਸ਼ਹਿਰ ਅੰਮ੍ਰਿਤਸਰ ਦੀ ਇਸ ਪ੍ਰਕਾਰ ਵਿਗੜੀ ਹਵਾ ਨੂੰ ਤੱਕ ਕੇ ਪੰਜਾਬ ਸਰਕਾਰ ਨੂੰ ਬੜੀ ਚਿੰਤਾ ਹੋਈ। ਮੇਜਰ ਡਬਲਯੂ. ਜੀ. ਡੇਵਿਸ ਕਾਇਮ ਮੁਕਾਮ ਕਮਿਸ਼ਨਰ, ਅੰਮ੍ਰਿਤਸਰ ਡਵੀਜਨ ੨੦ ਮਈ ੧੮੭੧ ਸ਼ਨੀਚਰਵਾਰ ਵਾਲੇ ਦਿਨ ਅੰਮ੍ਰਿਤਸਰ ਪਹੁੰਚ ਗਿਆ। ਇਸ ਤੋਂ ਪਹਿਲਾਂ ਮਿਉਨਸੀਪਲ ਕਮੇਟੀ ਦੀ ਇਕ ਇਕੱਤਰਤਾ ਵਿਚ ਹਿੰਦੁਸਤਾਨੀ ਮੈਂਬਰਾਂ, ਹਿੰਦੂਆਂ ਅਤੇ ਮੁਸਲਮਾਨਾਂ ਇਹੋ ਰਾਏ ਦਿਤੀ ਸੀ ਕਿ ਅਗਲੇ ਸਾਲ ਸ਼ਹਿਰ ਲਈ ਬੁਚੜਖਾਨੇ ਦਾ ਠੇਕਾ ਬੰਦ ਕਰ ਦਿਤਾ ਜਾਵੇ। ਯੋਰਪੀਨ ਮੈਂਬਰ ਇਸ ਰਾਏ ਤੇ ਬਹੁਤ ਦੁਖੀ ਹੋਏ। ਡਿਪਟੀ ਕਮਿਸ਼ਨਰ ਨੇ ਇਸ ਮੁਆਮਲੇ ਤੇ ਦੋਬਾਰਾ ਸੋਚ ਵਿਚਾਰ ਕਰਣ ਲਈ ੨੨ ਮਈ ਦੀ ਤਾਰੀਖ ਨੂੰ ਇਕੱਤਰਤਾ ਰਖੀ। ਕਮਿਸ਼ਨਰ ਨੇ ਅੰਮ੍ਰਿਤਸਰ ਪਹੁੰਚਦਿਆਂ ਹੀ ੨੨ ਤਾਰੀਖ ਦੀ ਇਕੱਤਰਤਾ ਲਈ ਰਸਤਾ ਸਾਫ ਕਰਨ ਵਾਸਤੇ ਸ਼ਹਿਰ ਦੇ ਵਡੇ ਵਡੇ ਅਮੀਰ ਹਿੰਦੂ ਸਿਖ ਆਗੂਆਂ ਨੂੰ ਬੁਲਾ ਬੁਲਾ ਕੇ ਸਮਝੌਣਾ ਸ਼ੁਰੂ ਕੀਤਾ।

੨੨ ਮਈ ਦੀ ਮੀਟਿੰਗ ਵਿਚ ਕਮਿਸ਼ਨਰ ਨੇ ਸ਼ਹਿਰ ਅੰਮ੍ਰਿਤਸਰ ਵਿਚ ਗਊ ਹੱਤਯਾ ਦੇ ਮਸਲੇ ਤੇ ਆਪ ਤਕਰੀਰ ਕੀਤੀ। ਉਸ ਨੇ ਦਸਿਆ ਕਿ ੨੪ ਮਾਰਚ ੧੮੪੭ ਵਾਲਾ ਹੁਕਮ, ਜਿਸ ਰਾਹੀਂ ਅੰਮ੍ਰਿਤਸਰ ਸ਼ਹਿਰ ਵਿਚ ਗਊ ਹੱਤਯਾ ਬੰਦ ਕੀਤੀ ਗਈ ਸੀ, ਕੇਵਲ ਉਸ ਸਮੇਂ ਲਈ ਲਾਗੂ ਸੀ, ਜਦ ਤਕ ਪੰਜਾਬ ਦੀ ਹਕੂਮਤ ਮਹਾਰਾਜਾ ਦਲੀਪ ਸਿੰਘ ਜੀ ਦੇ ਨਾਮ ਤੇ ਚਲਾਈ ਜਾ ਰਹੀ ਸੀ। ਸਿਖ ਰਾਜ ਵਿਚ ਚੂੰਕਿ ਕੋਈ ਗਊ ਕਸ਼ੀ ਨਹੀਂ ਹੁੰਦੀ ਸੀ, ਇਸ ਲਈ ਅੰਗਰੇਜ਼ੀ ਸਰਕਾਰ ਨੇ ਭੀ ਸਿਖ ਬਾਦਸ਼ਾਹ ਦੇ ਸਨਮਾਨ ਵਜੋਂ ਗਊ ਹੱਤਯਾ ਤੇ ਪਾਬੰਦੀ ਲਾ ਦਿਤੀ ਸੀ। ਪਰ ਜਦ ਸਿਖ ਰਾਜ ਖਤਮ ਹੋ ਗਿਆ ਅਤੇ ਪੰਜਾਬ ਅੰਗਰੇਜ਼ੀ ਰਾਜ ਦਾ ਹਿੱਸਾ ਬਣ ਗਿਆ, ਤਦ ਤੋਂ ਇਹ ਅਮਲਦਾਰੀ ਉੱਕਾ ਹੀ ਹੱਟਾ ਦਿਤੀ ਗਈ ਹੈ। ਉਸ ਨੇ ਕਿਹਾ ਕਿ ਗਵਰਨਰ ਜਨਰਲ ਦੇ ੨੦ ਮਈ ੧੮੪੯ ਦੇ ਐਲਾਨ ਵਿਚ ਸਾਡੀ ਹਕੂਮਤ ਦਾ ਇਹ ਅਸੂਲ ਦਸਿਆ ਗਿਆ ਹੈ ਕਿ, "ਕਿਸੇ ਆਦਮੀ ਨੂੰ ਦੂਸਰੇ ਆਦਮੀ ਦੇ ਧਰਮ ਵਿਚ ਦਖ਼ਲ ਦੇਣ ਦੀ ਅਜਾਜ਼ਤ ਨਹੀਂ ਦਿਤੀ ਜਾਵੇਗੀ" ਅਤੇ ਇਸ ਐਲਾਨ ਮੁਤਾਬਕ ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ ਬੁਚੜਖਾਨੇ ਖੋਲੇ ਗਏ ਹਨ।

ਕਮਿਸ਼ਨਰ ਨੇ ਅਖੀਰ ਵਿਚ ਧਮਕੀ ਦਿੰਦਿਆਂ ਹੋਇਆਂ ਕਿਹਾ, ਕਿ ਸ਼ਹਿਰ ਅੰਮ੍ਰਿਤਸਰ ਵਿਚ ਬੁਚੜਖਾਨਾ ਹਰ ਹਾਲਤ ਵਿਚ ਜਾਰੀ ਰਹੇਗਾ। ਸਰਕਾਰ ਹਿੰਦੂਆਂ ਨੂੰ ਮੁਸਲਮਾਨਾਂ ਵਲੋਂ ਜਾਣ ਬੁਝਕੇ ਉਨ੍ਹਾਂ ਦੇ ਦਿਲ ਦੁਖੌਣ ਵਾਲੀਆਂ ਬੇਇਜ਼ਤੀਆਂ ਤੋਂ ਬਚਾਏਗੀ ਅਤੇ ਹਿੰਦੂ ਸਿਖਾਂ ਨੂੰ ਭੀ ਸਖਤੀ ਨਾਲ ਗਊ ਹੱਤਯਾ ਸੰਬਧੀ ਫਸਾਦ ਆਦਿ ਯਾ ਝਗੜੇ ਖੜੇ ਕਰਣ ਤੋਂ ਰੋਕੇਗੀ। ਜੇ ਹਿੰਦੂਆਂ ਸਿਖਾਂ ਦੀਆਂ ਗਊ ਮਾਸ ਵਿਕਣ ਸੰਬਧੀ ਕੋਈ ਜਾਇਜ਼ ਸ਼ਕਾਇਤਾਂ ਜਾਂ ਮੰਗਾਂ ਹਨ ਤਦ ਉਹ ਸੁੱਚਜੇ ਤਰੀਕੇ ਨਾਲ ਸਰਕਾਰ ਦੇ ਪੇਸ਼ ਕਰਨ ਅਤੇ ਸਰਕਾਰ ਉਨ੍ਹਾਂ ਤੇ ਵਿਚਾਰ ਕਰਕੇ ਉਨ੍ਹਾਂ ਸ਼ਕਾਇਤਾਂ ਨੂੰ ਦੂਰ ਕਰਨ ਦਾ ਜਤਨ ਕਰੇਗੀ।" ਕਮਿਸ਼ਨਰ ਦੀ ਇਸ

Sri Satguru Jagjit Singh Ji Elibrary NamdhariElibrary@gmail.com

ਤਕਰੀਰ ਕਰਨ ਦਾ ਇਹ ਅਸਰ ਹੋਇਆ, ਕਿ ਮਿਊਨਸਪੇਲਟੀ ਦੇ ਮੁਸਲਮਾਨ ਮੈਂਬਰ, ਅਗਰੇਜ਼ ਮੈਬਰਾਂ ਨਾਲ ਮਿਲ ਗਏ। ਕੁਝ ਕੁ ਹਿੰਦੂਆ ਨੇ ਵੋਟ ਹੀ ਨਾ ਦਿਤੇ ਅਤੇ ਕੇਵਲ ਥੋੜੇ ਜਿਹੇ ਹਿੰਦੂਆਂ ਨੇ ਇਸ ਦੇ ਵਿਰੁਧ ਵੋਟ ਦਿਤੇ। ਬੁਚੜਖਾਨੇ ਦੇ ਠੇਕੇ ਨੂੰ ਜਾਰੀ ਰਖਨ ਦਾ ਮਤਾ ਪਾਸ ਹੋ ਗਿਆ। ਸਰਕਾਰੀ ਸ਼ਹਿ ਅਤੇ ਮਨਜ਼ੂਰੀ ਹੋਵਣ ਤੇ ਮੁਸਲਮਾਨ ਬੁਚੜਾਂ, ਮੁਸਲਮਾਨ ਠੇਕੇਦਾਰਾਂ ਅਤੇ ਮੁਸਲਮਾਨ ਬਿਉਪਾਰੀਆਂ ਨੇ ਗਊਆਂ ਮਾਰਨ ਦਾ ਕੰਮ ਵਧੇਰੇ ਜੋਸ਼ ਨਾਲ ਸ਼ੁਰੂ ਕਰ ਦਿਤਾ।

ਸ਼ਹਿਰ ਦੀ ਆਮ ਹਿੰਦੂ ਸਿਖ ਜਨਤਾ ਵਿਚ ਇਸ ਮਤੇ ਦੇ ਪਾਸ ਹੋਵਣ ਤੇ ਬੜਾ ਰੋਸ ਅਤੇ ਜੋਸ਼ ਫੈਲਿਆ। ਮਤਾ ਪਾਸ ਹੋਵਣ ਦੇ ਦਿਨ ਤੋਂ ਇਕ ਹਫਤੇ ਤਕ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਸ਼ਹਿਰ ਵਿਚ ਚਕਰ ਕਟਦੇ ਫਿਰਦੇ ਰਹੇ। ਹਰ ਰੋਜ਼ ਦੇਸੀ ਅਫਸਰਾਂ, ਅਮੀਰਾਂ, ਧਨਾਡਾਂ, ਸ਼ਾਹੂਕਾਰਾਂ ਅਤੇ ਰਾਈਸਾਂ ਨੂੰ ਬੁਲਾ ਬੁਲਾ ਕੇ ਬੁਚੜਖਾਨੇ ਸਬੰਧੀ ਗਲਾਂ ਬਾਤਾਂ ਸਮਝਾਂਦੇ ਰਹੇ।

ਸ਼ਹਿਰ ਵਿਚ ਮੁਸਲਮਾਨ ਘੁਮਿਆਰਾਂ ਪਾਸੋਂ ਹਾੜ ਦੀ ਨਿਮਾਣੀ ਇਕਾਦਸ਼ੀ ਲਈ ਘੜੇ ਤੇ ਸੁਰਾਹੀਆਂ ਨਾ ਖਰੀਦਣ ਅਤੇ ਕਸੇਰਿਆਂ ਦਾ ਮੁਸਲਮਾਨ ਗਾਹਕਾਂ ਨੂੰ ਟੁਟੇ ਤਾਂਬੇ ਪਿਤਲ ਬਦਲੇ ਨਵੇਂ ਭਾਂਡੇ ਦੇਵਨ ਦੀ ਲਹਿਰ ਜ਼ੋਰ ਫੜਦੀ ਹੀ ਚਲੀ ਗਈ। ਇਸ ਤੇ ਕਮਿਸ਼ਨਰ ਨੇ ਸਰਦਾਰ ਹਰਚਰਨ ਦਾਸ, ਗਿਆਨੀ ਪ੍ਰਦੁਮਨ ਸਿੰਘ ਅਤੇ ਖਾਂ ਮੁਹਮਦ ਸ਼ਾਹ ਅਤੇ ਸ਼ਹਿਰ ਦੇ ਹੋਰ ਵਡੇ ਵਡੇ ਆਦਮੀਆਂ ਨੂੰ ਬੁਲਾਕੇ ਕਿਹਾ, ਕਿ ਮੁਸਲਮਾਨਾਂ ਨਾਲ ਤਜਾਰਤੀ ਨਾ ਮਿਲਵਰਤਣ ਦੀ ਲਹਿਰ ਬੰਦ ਹੋਣੀ ਚਾਹੀਦੀ ਹੈ। ਦੂਸਰੇ ਦਿਨ ਇਨ੍ਹਾਂ ਵਡਿਆਂ ਵਡਿਆਂ ਚੌਧਰੀਆਂ ਨੇ ਕਮਿਸ਼ਨਰ ਸਾਹਿਬ ਨੂੰ ਰਿਪੋਟਾਂ ਕੀਤੀਆਂ ਕਿ 'ਆਲੀ ਜਨਾਬ ਹਜ਼ੂਰ ਵਾਲਾ ਦੇ ਨਿਗਾਹ ਕਰਨ ਨਾਲ ਸਭ ਕੁਝ ਠੀਕ ਠਾਕ ਹੋ ਗਿਆ ਹੈ।' ਨਾਲ ਦੀ ਨਾਲ ਹੀ ਇਨ੍ਹਾਂ ਵਡੇ ਚੌਧਰੀਆਂ ਨੇ ਕਮਿਸ਼ਨਰ ਅਗੇ ਦੋ ਇਕਰਾਰਨਾਮੇ ਭੀ ਲਿਜਾਕੇ ਰਖੇ। ਇਕ ਮੁਸਲਮਾਨ ਘੁਮਿਆਰਾਂ ਅਤੇ ਹਿੰਦੂਆਂ ਵਿਚਕਾਰ ਸੀ ਅਤੇ ਦੂਸਰਾ ਹਿੰਦੂ ਕਸੇਰਿਆਂ ਅਤੇ ਮੁਸਲਮਾਨਾਂ ਵਿਚਕਾਰ। ਅੰਗਰੇਜ਼ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਨੇ ਉਕਤ ਹਕੂਮਤਾਂ ਦੇ ਪੁਸ਼ਤੈਨੀ ਬੂਟ ਚਟੂ ਟੋਡੀਆਂ ਦੀਆਂ ਗਲਾਂ ਦਾ ਇਤਬਾਰ ਨ ਕਰਦੇ ਹੋਏ ਇਨ੍ਹਾਂ ਦੀਆਂ ਕਹਾਣੀਆਂ ਦੀ ਮੁੜ ਤਫਤੀਸ਼ ਕੀਤੀ।

੩ ਜੂਨ ਨੂੰ ਕਮਿਸ਼ਨਰ ਨੇ ਟਾਊਨ ਹਾਲ ਵਿਚ ਇਕ ਦਰਬਾਰ ਕੀਤਾ, ਜਿਸ ਵਿਚ ਸ਼ਹਿਰ ਦੇ ਪਤਵੰਤੇ ਅਤੇ ਮੀਰ ਮੁੱਹਲੇ ਬੁਲਾਏ ਗਏ। ਕਮਿਸ਼ਨਰ ਨੇ ਇਸ ਦਰਬਾਰ ਵਿਚ ਇਕ ਲੰਮਾ ਐਡਰੈਸ ਪੜ੍ਹਿਆ ਜਿਸ ਵਿਚ ਬੁਚੜ ਖਾਣੇ ਸੰਬੰਧੀ ਸਰਕਾਰ ਦੇ ਹੁਕਮਾਂ ਅਤੇ ਨੀਤੀ ਨੂੰ ਖੋਲ੍ਹ ਕੇ ਦਸਿਆ ਗਿਆ।

੪ ਜੂਨ ਤਕ ਕਮਿਸ਼ਨਰ ਅੰਮ੍ਰਿਤਸਰ ਰਿਹਾ ਅਤੇ ਇਨ੍ਹਾਂ ਦੋ ਹਫਤਿਆਂ ਵਿਚ ਕੋਈ ਹਿੰਦੂ ਮੁਸਲਮ ਝਗੜਾ ਨਾ ਉਠਿਆ। ਕਮਿਸ਼ਨਰ ਨੇ ਜਾਣ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਨੂੰ ਇਹ ਹਦਾਇਤ ਕੀਤੀ ਕਿ ਉਹ ਬੁਚੜਾਂ ਅਤੇ ਇਸ ਪੇਸ਼ੇ ਨਾਲ ਸਬੰਧ ਰਖਣ ਵਾਲਿਆਂ ਨੂੰ ਚੰਗੀ ਤਰ੍ਹਾਂ ਸਮਝਾ ਦੇਵੇ, ਕਿ ਉਨ੍ਹਾਂ ਨੂੰ ਕੋਈ ਐਸਾ ਕਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਹਿੰਦੂਆਂ ਅਤੇ ਸਿਖਾਂ ਦੇ ਦਿਲ ਦੁਖਣ।

ਭਾਈ ਦੇਵਾ ਸਿਘ ਦੇ ਕੈਦ ਹੋਵਣ, ੨੨ ਹਿੰਦੂਆਂ ਤੇ ਮੁਕਦਮਾ ਚਲਣ ਅਤੇ ਕਮਿਸ਼ਨਰ ਦੇ ਦਰਬਾਰ ਵਿਚ ਐਲਾਨ ਕਰਨ ਤੇ ਕਿ ਅਮ੍ਰਿਤਸਰ ਵਿਚ ਗਊਕਸ਼ੀ ਕਦਾਚਿਤ ਬੰਦ ਨਹੀਂ ਕੀਤੀ ਜਾ ਸਕਦੀ, ਹਿੰਦੂ ਸਿੱਖਾਂ ਦੇ ਵਿਚਕਾਰਲੇ ਅਤੇ ਅਤੇ ਗਰੀਬ ਦਰਜੇ ਦੇ ਦਿਲਾਂ ਤੇ ਇਹ ਗੱਲ ਚੰਗੀ ਤਰ੍ਹਾਂ ਬੈਠ ਗਈ ਕਿ ਅੰਗਰੇਜ਼ ਹਾਕਮ ਖੁਲਮ ਖੁਲਾ, ਮੁਸਲਮਾਨਾਂ ਦੀ ਮਦਦ ਤੇ ਤੁਲੇ ਹੋਏ ਹਨ। ੨ ਜੂਨ ਨੂੰ ਇਕ ਬੁਚੱੜ ਜਿਸ ਨੂੰ ਸ਼ਹਿਰ ਵਿਚ ਗਊ ਮਾਸ ਵੇਚਣ ਦੇ ਜੁਰਮ ਵਿਚ ੩ ਮਹੀਨੇ ਦੀ ਕੈਦ ਹੋਈ ਸੀ, ਅਪੀਲ ਵਿਚ ਬਰੀ ਹੋ ਗਿਆ। ਇਸ ਤੇ ਮੁਸਲਮਾਨਾਂ ਨੇ ਹਾਕਮਾਂ ਦੀ ਸ਼ਹਿ ਤੇ ਇਹ ਗੱਪਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਕਿ ਸ਼ਹਿਰ ਵਿਚ ਖੁਲ੍ਹਮ ਖੁਲਾ ਗਊ ਮਾਸ ਵੇਚਣ ਲਈ ੪ ਦੁਕਾਨਾਂ ਖੋਲਣ ਦੀ ਮਨਜ਼ੂਰੀ ਮਿਲਣ ਵਾਲੀ ਹੈ। ਇਕ ਦੁਕਾਨ ਦਰਬਾਰ ਸਾਹਿਬ ਘੰਟੇ ਘਰ ਦੇ ਨਾਲ ਹੀ ਹੋਵੇਗੀ। ਮੁਸਲਮਾਨ ਬੜ੍ਹਕਾਂ ਮਾਰਨ ਲਗ ਪਏ ਅਤੇ ਬੁਚੜਾਂ ਨੇ ਗਊ ਮਾਸ ਸ਼ਹਿਰ ਵਿਚ ਖੁਲ੍ਹੇ ਤੌਰ ਤੇ ਲਿਆਉਣਾ ਸ਼ੁਰੂ ਕੀਤਾ। ਜਿਥੋਂ ਵੇਚਣ ਵਾਲੇ ਟੋਕਰਿਆਂ ਵਿਚ ਪਾ ਕੇ ਗਲੀਆਂ ਮਹੱਲਿਆਂ ਵਿਚ ਵੇਚਦੇ ਫਿਰਦੇ। ਗਰੀਬਾਂ ਦੀ ਬਾਜ਼ੀ ਦਾ ਆਖਰੀਲਾ ਦਾਓ ਜਾਨ ਨਾਲ ਹੁੰਦਾ ਹੈ। ਹਿੰਦੂ ਰੌਲਾ ਬਹੁਤ

Sri Satguru Jagjit Singh Ji Elibrary NamdhariElibrary@gmail.com

ਪਾਂਦੇ ਸਨ, ਗਲਾਂ ਨਾਲ ਪਹਾੜ ਢਾਂਦੇ ਸਨ, ਦਲੀਲਾਂ ਨਾਲ ਅਸਮਾਨ ਪਾੜਦੇ ਸਨ, ਪਰ ਜਦ ਮਰਨ ਮਾਰਨ ਦੀ ਗਲ ਆਉਂਦੀ ਸੀ ਤਾਂ ਪਾਣੀ ਉਤੇ ਬਣੇ ਬੁਲਬੁਲੇ ਵਾਂਗ ਛ ਈਂ ਮਾਈਂ ਹੋ ਜਾਂਦੇ ਸਨ।

ਸ਼ਹਿਰ ਦੇ ਸਿਖਾਂ ਦੇ ਆਗੂ ਭਾਈ ਪਰਦੁਮਨ ਸਿੰਘ ਜੀ ਗਿਆਨੀ ਸਨ ਜੋ ਸ੍ਰੀ ਦਰਬਾਰ ਸਾਹਿਬ ਜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਸ਼ਰਾਬ ਪੀ ਕੇ ਕਥਾ ਕਰਦੇ ਸਨ। ਬਾਕੀ ਸਭ ਪੇਟ ਪਾਲੂ ਪੁਜਾਰੀ ਗਰੰਥੀ, ਅਰਦਾਸੀਏ, ਸਰਕਾਰੀ ਜਾਗੀਰਦਾਰ ਅਤੇ ਤਨਖਾਹਾਂ ਪਤੀਆਂ ਲੈਣ ਵਾਲੇ ਨੌਕਰ। ਸ਼ਹਿਰ ਵਿਚ ਸਿਖਾਂ ਦੀ ਆਬਾਦੀ ਬਹੁਤ ਹੀ ਥੋੜੀ ਸੀ ਅਤੇ ਉਹ ਭੀ ਰੋੜਿਆਂ ਦੀ ਜੋ ਦੁਕਾਨਦਾਰੀ ਕਰਕੇ ਪੇਟ ਪਾਲਦੇ ਸਨ। ਬਾਬਾ ਫੂਲਾ ਸਿੰਘ ਜੀ ਦੇ ਬੁਰਜ ਵਾਲੇ ਪੰਜ ਸਤ ਨਿਹੰਗ ਸਿੰਘ ਸੁਖਨਧਾਨ ਦੀਆਂ ਦੇਗਾਂ ਵਿਚ ਮਸਤ, ਲਹਿੰਦੀ ਚੜ੍ਹਦੀ ਤੋਂ ਬੇਪਰਵਾਹ ਸਨ। ਕਦੀ ਕੋਈ ਨਿਹੰਗ ਸਿੰਘ ਇਕੜੇ ਦੁਕੜੇ ਮੁਸਲਮਾਨ ਨੂੰ ਤੁਰਕੜੇ ਕਹਿਕੇ ਬੋਲ ਬੁਲਾਰਾ ਤੇ ਬਕਾਰਾ ਕਰ ਜਾਂਦਾ ਸੀ ਪਰ ਮੁਸਲਮਾਨ ਬੁਚੜਾਂ ਦੀਆਂ ਵਧੀਕੀਆਂ ਤੋਂ ਛੁਟਕਾਰਾ ਪਾਵਣ ਲਈ ਕਾਰਾ ਕਰਨ ਦਾ ਹੌਸਲਾ ਕਿਸੇ ਨੂੰ ਭੀ ਨਹੀਂ ਪੈਂਦਾ ਸੀ।

੧੮੫੭ ਵਿਚ ਗੁਰੂ ਰਾਮ ਸਿੰਘ ਜੀ ਨੇ ਖੰਡੇ ਦਾ ਪਾਹੁਲ ਅਤੇ ਕੇਸਾਧਾਰੀ ਸਿਖੀ ਦਾ ਪ੍ਰਚਾਰ ਸ਼ੁਰੂ ਕੀਤਾ। ਅੰਗਰੇਜ਼ੀ ਹਾਕਮਾਂ ਦੀਆਂ ਸਖਤੀਆਂ ਦੇ ਬਾਵਜੂਦ ਇਹ ਨਵੀਂ ਲਹਿਰ ਜ਼ੋਰਾਂ ਤੇ ਚਲ ਰਹੀ ਸੀ ਅਤੇ ੧੮੭੧ ਤਕ ਪਿੰਡਾਂ ਵਿਚ ਲੱਖਾਂ ਆਦਮੀ ਅੰਮ੍ਰਿਤ ਛੱਕ ਕੇ ਨਾਮਧਾਰੀ ਅਤੇ ਉਨ੍ਹਾਂ ਦੇ ਹਮਾਇਤੀ ਬਣ ਚੁਕੇ ਸਨ। ਧਰਮ ਦੀ ਅਣਖ ਦੀ ਕਣੀ ਨਾਮਧਾਰੀਆਂ ਦੇ ਦਿਲਾਂ ਅੰਦਰ ਰੜਕਣ ਲੱਗ ਪਈ ਸੀ, ਅੰਗਰੇਜ਼ੀ ਸਰਕਾਰ ਨਾਮਧਾਰੀਆਂ ਨੂੰ ਆਪਣੇ ਵਡੇ ਦੁਸ਼ਮਨ ਸਮਝਦੀ ਸੀ। ਸਰਕਾਰੀ ਅਸਰ ਰਸੂਖ ਹੇਠ ਦੱਬੇ ਹੋਏ ਅਤੇ ਸਰਕਾਰੀ ਜਾਗੀਰਾਂ ਲੈਣ ਵਾਲੇ ਗੁਰਦੁਵਾਰਿਆਂ ਦੇ ਸਰਬਰਾਹਾਂ, ਮਹੰਤਾਂ, ਪੁਜਾਰੀਆਂ ਅਤੇ ਗਿਆਨੀਆਂ ਨੇ ਅੰਗਰੇਜ਼ ਹਾਕਮਾਂ ਦੇ ਹੁਕਮ ਅਨੁਸਾਰ ਗੁਰਦੁਆਰਿਆਂ ਵਿਚ ਨਾਮਧਾਰੀਆਂ ਦੀਆਂ ਅਰਦਾਸਾਂ ਹੋਣੀਆ ਬੰਦ ਕਰਵਾ ਦਿਤੀਆਂ ਸਨ। ਇਸ ਸਮੇਂ ਸਿਰਫ ਨਾਮਧਾਰੀਏ ਸਿਖ ਹੀ ਇਕ ਐਸੀ ਜਮਾਤ ਸੀ ਜਿਸਦੇ ਬੰਦੇ ਵਦੇਸ਼ੀ ਹਾਕਮ ਅੰਗਰੇਜ਼ਾਂ ਨੂੰ ਹਦੋਂ ਵੱਧ ਨਫਰਤ ਕਰਦੇ ਸਨ ਅਤੇ ਭਾਰਤ ਨੂੰ ਇਹਨਾਂ ਦੀ ਗੁਲਾਮੀ ਤੋਂ ਆਜ਼ਾਦ ਕਰਵੌਣ ਦੇ ਪਰਨਾਂ ਤੇ ਡਟੇ ਬੈਠੇ ਸ਼ਨ।

ਸ਼ਹਿਰ ਅੰਮ੍ਰਿਤਸਰ ਵਿਚ ਹਿੰਦੂਆਂ ਅਤੇ ਸਿੱਖਾਂ ਦੀ ਬੁਰੀ ਹਾਲਤ ਸੀ। ਮੁਸਲਮਾਨਾਂ ਅਤੇ ਬੁਚੜਾਂ ਨੇ ਇਨ੍ਹਾਂ ਦਾ ਨੱਕ ਵਿਚ ਦਮ ਕਰ ਛਡਿਆ ਸੀ। ਸ਼ਹਿਰ ਵਿਚ ਕੁਝ ਘਰ ਨਾਮਧਾਰੀ ਸਿੰਘਾਂ ਦੇ ਭੀ ਸਨ। ਭਾਈ ਲਹਿਣਾ ਸਿੰਘ ਤਰਖਾਣ ਨਾਮਧਾਰੀ ਸੂਬੇ ਦੇ ਘਰ ਗੁਰੂ ਕੀ ਪਵਿਤਰ ਨਗਰੀ ਦੇ ਮਥੇ ਤੋਂ ਬੁਚੜਖਾਨੇ ਦੇ ਕੋਹੜ ਦੇ ਕਲੰਕ ਨੂੰ ਲਾਹੁਣ ਲਈ ਸਲਾਹਾਂ ਹੋਣ ਲਗੀਆਂ। ਫੈਸਲਾ ਹੋਇਆ ਕਿ ਸੀਸ ਦਿਤੇ ਜਾਣ ਅਤੇ ਸਭ ਤੋਂ ਪਹਿਲਾ ਹੱਲਾ ਬੁੱਚੜ ਖਾਣੇ ਦੇ ਬੁਚੜਾਂ ਤੇ ਕੀਤਾ ਜਾਵੇ। ਜਦ ਤੋਂ ਕਮਿਸ਼ਨਰ ਨੇ ਦਰਬਾਰ ਕਰਕੇ ਬੁੱਚੜਾਂ ਦੀ ਪਿੱਠ ਠੋਕੀ ਸੀ, ਤੱਦ ਤੋਂ ਉਨ੍ਹਾਂ ਨੇ ਸਿਗਮਿਟੀ ਚੁੱਕ ਕੇ ਸ਼ਹਿਰ ਵਿਚ ਧਮੱਚੀ ਉਧੱਮ ਅਤੇ ਡਰ ਫੈਲਾ ਛੱਡਿਆ ਸੀ। ਐਤਵਾਰ ਦੇ ਦਿਨ ਹਾੜ ਦੀ ਸੰਗਰਾਂਦ ਦਾ ਮੇਲਾ ਅਤੇ ਅਸ਼ਨਾਨ ਭੀ ਆ ਗਿਆ। ਬਾਹਰ ਤੋਂ ਕਈ ਨਾਮਧਾਰੀ ਸਿੰਘ ਅਤੇ ਉਨ੍ਹਾਂ ਦੇ ਹੋਰ ਸ ਥੀ ਭੀ ਪਹੁੰਚ ਗਏ ਬੁੱਚੜਾਂ ਦੀਆਂ ਵਧੀਕੀਆਂ ਸੁਣਕੇ ਸਭ ਨੂੰ ਜੋਸ਼ ਆਇਆ। ੧੦ ਤਾਰੀਖ ਤੋਂ ਸਿੰਘ ਬੁਚੜਾਂ ਨੂੰ ਵਢਣ ਦੀਆਂ ਗੋਂਦਾ ਗੁੰਦ ਰਹੇ ਸਨ। ਤੋਪ ਦੇ ਚਲਣ ਅਤੇ ਸ਼ਹਿਰ ਦੇ ਬੂਹੇ ਬੰਦ ਹੋਵਣ ਤੋਂ ਪਹਿਲਾਂ ਸਹਿਰੋਂ ਬਾਹਰ ਭੀ ਨਿਕਲ ਜਾਂਦੇ ਸਨ : ਮੌਕਾ ਠੀਕ ਨਹੀਂ ਲਗਦਾ ਸੀ। ੧੪ ਅਤੇ ੧੫ ਤਾਰੀਖ ਦੀ ਰਾਤ ਨੂੰ ਤੜਕੇ ਸਾਰ ਮੰਗਲਵਾਰ ਵਾਲੇ ਦਿਨ ਸਿੰਘ ਕੰਧਾਂ ਟੱਪ ਕੇ ਬੁਚੜਖਾਨੇ ਦੇ ਅੰਦਰ ਵਲਗਣ ਵਿਚ ਚਲੇ ਗਏ : ਪੀਰਾ, ਜਿਉਣ, ਸ਼ਾਦੀ ਅਮਾਮੀ ਚਾਰ ਬੁਚੜਾਂ ਨੂੰ ਥਾਂ ਹੀ ਮਾਰ ਦਿਤਾ। ਕਰਮ ਦੀਨ, ਇਲਾਹੀ ਬਖਸ਼ ਅਤੇ ਖੀਵਾ ਇੰਨ੍ਹਾਂ ਤਿੰਨਾਂ ਨੂੰ ਅਧਮੋਏ ਕਰਕੇ ਸਿੰਘ ਵਲਗਣ ਤੋਂ ਬਾਹਰ ਨਿਕਲ ਆਏ। ਇਹ ਤਿਨੇ ਬੁਚੜ ਪਿਛੋਂ ਬਚ ਗਏ। ਸਿੰਘਾਂ ਨੇ ਇਸ ਹਮਲੇ ਵਿਚ ਸਫਾ ਜੰਗ ਗੰਡਾਸੇ ਅਤੇ ਤਲਵਾਰਾਂ ਵਰਤੀਆਂ। ਕ੍ਰਿਪਾਨ ਯਾ ਤਲਵਾਰਾਂ ਰਖਣ ਲਈ ਲਾਈਸੈਂਸ ਲੈਣੇ ਪੈਂਦੇ ਸਨ। ਅੰਮ੍ਰਿਤਸਰ ਪੁਲਿਸ ਲਾਈਨ ਦੇ ਸਪਾਹੀ ਲਾਲ ਸਿੰਘ ਨਾਮਧਾਰੀ ਨੇ ਪੁਲਿਸ

Sri Satguru Jagjit Singh Ji Elibrary NamdhariElibrary@gmail.com

ਲਾਈਨ ਵਿਚੋਂ ਸਿੰਘਾਂ ਨੂੰ ਤਲਵਾਰਾਂ ਲਿਆ ਕੇ ਦਿੱਤੀਆਂ। ਬੁੱਚੜਾਂ ਨੂੰ ਉਹਨਾਂ ਦੀਆਂ ਕਰਤੂਤਾਂ ਦੀ ਸਜ਼ਾ ਦੇ ਕੇ ਸਿੰਘ ਆਪਣੇ ਆਪਣੇ ਠਿਕਾਣਿਆਂ ਨੂੰ ਚਲੇ ਗਏ। ਇਸ ਹੱਲੇ ਵਿਚ ਬੀਹਲਾ ਸਿੰਘ ਸੰਧੂ ਨਾਰਲੀ ਪਿੰਡ ਵਾਲਾ, ਲਹਿਣਾ ਸਿੰਘ ਲੋਪੋਕੇ, ਫਤਹਿ ਸਿੰਘ ਭਾਟੜਾ ਅੰਮ੍ਰਿਤਸਰ ਦਾ, ਹਾਕਮ ਸਿੰਘ ਬ੍ਰਹਮਣ ਮੋਹੜੇ ਦਾ, ਲਹਿਣਾ ਸਿੰਘ ਤਰਖਾਨ ਅੰਮ੍ਰਿਤਸਰ ਦਾ, ਝੰਡਾ ਸਿੰਘ ਪਿੰਡ ਠੱਠੇ ਦਾ, ਲਛਮਨ ਸਿੰਘ ਚਾਹਲਾਂ ਦਾ, ਭਗਵਾਨ ਸਿੰਘ ਮਰਹਾਣੇ ਦਾ ਸ਼ਾਮਲ ਸੀ।

ਬੁੱਚੜਾਂ ਦੇ ਕਤਲ ਹੋਵਣ ਤੇ ਸ਼ਹਿਰ ਦੇ ਮੁਸਲਮਾਨਾਂ ਦ ਦਿਲਾਂ ਵਿਚ ਡਰ ਬੈਠ ਗਿਆ। ਡਿਪਟੀ ਕਮਿਸ਼ਨਰ ਨੇ ਦੋਸ਼ੀਆਂ ਨੂੰ ਗਰਿਫਤਾਰ ਕਰਨ ਲਈ ਸਖਤ ਹੁਕਮ ਦਿੱਤੇ। ਸ਼ਹਿਰ ਦੇ ਵੱਡੇ ਵੱਡੇ ਆਦਮੀਆਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਆਪਣੇ ਤੌਰ ਤੇ ਦੋਸ਼ੀਆਂ ਨੂੰ ਪਕੜਾਵਨ ਦੀਆਂ ਕੋਸ਼ਸ਼ਾਂ ਕਰਨ। ੨੪ ਜੂਨ ਤੱਕ ਪੁਲਸ ਨੇ ਅਤੇ ਤਹਿਸੀਲਦਾਰ ਨੇ ਬਹੁਤ ਸਾਰੇ ਆਦਮੀ ਸ਼ਕ ਵਿਚ ਫੜੇ ਪਰ ਦੋਸ਼ੀਆਂ ਦਾ ਕੁਝ ਨਿਸ਼ਾਨ ਯਾ ਖੁਰਾ ਖੋਜ ਨਾ ਮਿਲਿਆ। ਸਰਕਾਰ ਨੇ ਇਹ ਖਿਆਲ ਕਰਕੇ ਕਿ ਅੰਮ੍ਰਿਤਸਰ ਦੀ ਪੁਲੀਸ ਇਸ ਮੁਕਦਮੇ ਦੀ ਤਫਤੀਸ਼ ਵਿਚ ਕਾਮਯਾਬ ਨਹੀਂ ਹੋ ਸਕੇਗੀ, ਪੰਜਾਬ ਦੇ ਸਭ ਤੋਂ ਹੁਸ਼ਿਆਰ ਅਤੇ ਮੰਨੇ ਹੋਏ ਸੂਹੀਏ ਪੁਲੀਸ ਆਫੀਸਰ ਮਿਸਟਰ ਕਰਿਸ਼ਟੀ ਨੂੰ ਇਸਦੀ ਤਫਤੀਸ਼ ਲਈ ਭੇਜਿਆ। ਮਿ. ਕਰਿਸਟੀ ੨੪ ਜੂਨ ੧੮੭੧ ਨੂੰ ਅੰਮ੍ਰਤਸਰ ਪਹੁੰਚਿਆ। ਉਸਨੇ ਆਂਵਦੇ ਹੀ ਸਭ ਫੜੇ ਹੋਏ ਸ਼ੱਕੀ ਮੁਲਜ਼ਮ ਛੱਡ ਦਿਤੇ ਤਫਤੀਸ਼ ਕਰਨ ਲਈ ਹੁਸ਼ਿਆਰ ਪੁਰ ਜ਼ਿਲੇ ਦੀ ਪੁਲਿਸ ਦੇ ਫਜ਼ਲ ਹੁਸੈਨ ਇੰਸਪੈਕਟਰ, ਡੋਗਰ ਮਲ ਡਿਪਟੀ ਇੰਨਸਪੈਕਟਰ, ਅਤਰ ਸਿੰਘ, ਸੁਰਜਨ ਸਿੰਘ ਅਤੇ ਮਯਾ ਸਿੰਘ ਸਾਰਜੈਂਟ ਅਤੇ ੮ ਕਨਸਟੇਬਲ ਆਪਣੇ ਖਾਸ ਸਟਾਫ ਲਈ ਬੁਲਾਏ। ਕੋਤ-ਵਾਲੀ ਤੋਂ ਵਖਰਾ ਇਕ ਮਕਾਨ ਲੈ ਕੇ ਉਸ ਵਿਚ ਇਸ ਸਟਾਫ ਨੇ ਦਫਤੀਸ਼ ਸ਼ੁਰੂਕੀਤੀ। ਦੋਸ਼ੀਆਂ ਦਾ ਪਤਾ ਨਸ਼ਾਨ ਦੇਣ ਵਾਲੇ ਨੂੰ ੧੦੦੦ ਰੁਪਿਆ ਇਨਾਮ ਦੇਣ ਦਾ ਐਲਾਨ ਕੀਤਾ। ਰਾਜਾ ਸਾਹਿਬ ਦਯਾਲ, ਸਰਦਾਰ ਮੰਗਲ ਸਿੰਘ ਰਾਮਗੜੀਆ, ਸਰਦਾਰ ਭਗਵਾਨ ਸਿੰਘ, ਰਾਏ ਮੂਲ ਸਿੰਘ, ਖਾਨ ਮੁਹੰਮਦ ਸ਼ਾਹ ਆਦਿ ਨਾਲ ਤਾਲ ਮੇਲ ਪੈਦਾ ਕਰਕੇ ਉਨ੍ਹਾਂ ਵਲੋਂ ਹਰ ਪ੍ਰਕਾਰ ਦੀ ਮਦਦ ਦੇ ਇਕਰਾਰ ਲਏ ਗਏ।

ਖਾਨ ਮੁਹੰਮਦ ਸ਼ਾਹ ਬਹਾਦੁਰ ਦਿਨ ਰਾਤ ਇਸੇ ਲੱਗਨ ਵਿਚ ਲਗਾ ਰਹਿੰਦਾ ਸੀ ਕਿ ਕਿਵੇਂ ਨਾ ਕਿਵੇਂ ਉਸਦੇ ਧਰਮ ਭਾਈ ਬੁਚੜਾਂ ਦੇ ਕਾਤਲਾਂ ਦਾ ਪਤਾ ਲੱਗ ਜਾਵੇ। ਉਸਨੇ ਸਰਦਾਰ ਨਿਹਾਲ ਸਿੰਘ ਆਹਲੂਵਾਲੀਏ ਨਾਲ ਸਲਾਹ ਕੀਤੀ। ਨਿਹਾਲ ਸਿੰਘ ਸ਼ਰਾਬ ਪੀਣ, ਕਬਾਬ ਖਾਣ ਅਤੇ ਰੰਡੀ ਬਾਜ਼ੀ ਕਰਨ ਵਿਚ ਖਾਨ ਬਹਾਦਰ ਦਾ ਲੰਗੋਟੀਆ ਯਾਰ ਸੀ। ਨਿਹਾਲ ਸਿੰਘ ਨੇ ਦੋ ਹੋਰ ਬੰਦਿਆਂ ਗੁਰਮੁਖ ਸਿੰਘ ਅਤੇ ਕਾਹਨ ਸਿੰਘ ਨੂੰ ਖਾਨ ਬਹਾਦੁਰ ਪਾਸ ਲੈ ਆਂਦਾ। ਤਜਵੀਜ਼ ਇਹ ਬਣਾਈ ਗਈ, ਕਿ ਗੁਰਮੁਖ ਸਿੰਘ ਅਤੇ ਕਾਹਨ ਸਿੰਘ ਲੋਕਾਂ ਵਿਚ ਇਹ ਕਹਿੰਦੇ ਫਿਰਨ ਕਿ ਅਮ੍ਰਿਤਸਰ ਦੇ ਬੁਚੜਾਂ ਨੂੰ ਕਤਲ ਕਰਨ ਵਾਲਿਆਂ ਵਿਚ ਅਸੀਂ ਭੀ ਸ਼ਾਮਲ ਸਾਂ। ਖਾਂ ਬਹਾਦੁਰ ਦੇ ਉਨ੍ਹਾਂ ਨੂੰ ਖਰਚ, ਸਰਕਾਰੀ ਇਨਾਮ ਅਤੇ ਇਨਾਮ ਤੋਂ ਵਾਧੂ ਰੁਪਈਆ ਦੇਵਣ ਦਾ ਪੱਕਾ ਇਕਰਾਰ ਕੀਤਾ। ਪਰ ਇਹ ਦੋਨੋਂ ਇਸ ਗਲ ਤੋਂ ਹੀ ਡਰਦੇ ਸਨ ਕਿ ਜੇਕਰ ਦੂਸਰੇ ਸ਼ਹਿਰਾਂ ਵਿਚ ਫਿਰਦੇ ਅਤੇ ਇਹ ਗਲ ਕਹਿੰਦੇ ਫੜੇ ਗਏ ਤਾਂ ਕਿਧਰੇ ਉਥੋਂ ਦੀ ਪੁਲੀਸ ਦੋਸ਼ੀ ਸਮਝ ਕੇ ਹਵਾਲਾਤ ਵਿਚ ਹੀ ਨਾ ਡੱਕ ਦੇਵੇ। ਇਸ ਤੋਂ ਬਚਾਵਣ ਲਈ ਉਨ੍ਹਾਂ ਨੂੰ ਮਿਸਟਰ ਕ੍ਰਿਸਟੀ ਨੇ ਆਪਣੇ ਹੱਥ ਦੀਆਂ ਖੁਫੀਆ ਚਿਠੀਆਂ ਦੇ ਦਿਤੀਆਂ, ਜਿਨ੍ਹਾਂ ਨੂੰ ਉਹ ਐਸਾ ਵਕਤ ਪੈਣ ਤੇ ਇਸਤੇਮਾਲ ਕਰ ਸਕਦੇ ਸਨ। ਫਿਰਦੇ ਫ਼ਿਰਾਂਦੇ ਉਹ ਕੁਝ ਦਿਨਾਂ ਪਿਛੋਂ ਵਾਪਸ ਆਏ। ਉਨ੍ਹਾਂ ਦੇ ਨਿਸ਼ਾਨ ਦੇਣ ਤੇ ਲਹਿਣਾ ਸਿੰਘ ਅਤੇ ਰੂੜ ਸਿੰਘ ਦੋ ਕੂਕੇ ਫੜੇ ਗਏ। ਇਨਾਂ ਦਿਨਾਂ ਵਿਚ ਝੰਡਾ ਸਿੰਘ ਠੱਠੇ ਵਾਲਾ ਭੀ ਸ਼ੱਕ ਵਿਚ ਪਕੜਿਆ ਗਿਆ। ਪਰ ਮਿਸਟਰ ਕਰਿਸਟੀ ਨੇ ਇਨ੍ਹਾਂ ਤਿਨਾਂ ਹੀ ਸਜਨਾਂ ਨੂੰ ਛੱਡ ਦਿਤਾ।

ਮਿਸਟਰ ਕਰਿਸਟੀ ਨੂੰ ਇਕ ਹਫਤੇ ਤਕ ਦੋਸ਼ੀਆਂ ਦਾ ਕੋਈ ਪਤਾ ਨਾ ਲਗ ਸਕਿਆ। ਉਸ ਨੇ ਸ਼ਹਿਰ ਦੇ ਵਡੇ ਹਿੰਦੂ ਬਦਮਾਸ਼ ਮੋਹਰੀ ਨੂੰ ਆਪਣੀ ਮਦਦ ਲਈ ਆਪਣੇ ਨਾਲ ਮਿਲਾ ਲਿਆ। ਪੁਲੀਸ ਦੇ ਰੋਜ਼ਨਾਮਚਿਆਂ ਦੀ ਤਫਤੀਸ਼ ਹੋਵਣ ਲਗੀ। ਸ਼ਹਿਰ ਦੇ ਥਾਣੇ ਵਿਚ ਕਰੀਮ ਬਖਸ਼ ਅਤੇ ਪੀਰ ਬਖਸ਼ ਦੋ ਪੁਲੀਸ ਕਾਂਨਸਟੇਬਲਾਂ ਦੀ ੨੧ ਜੂਨ ਨੂੰ ਲਖਾਈ ਹੋਈ ਹੇਠਲੀ ਰੀਪੋਰਟ ਨਿਕਲੀ। ਕਿ ਉਨ੍ਹਾਂ

Sri Satguru Jagjit Singh Ji Elibrary NamdhariElibrary@gmail.com

ਦੋਨਾਂ ਨੇ ਹੀਰੇ ਭ ਟੜੇ ਨੂੰ ਉਸ ਦਿਨ ਬੁਚੜਖਾਨੇ ਦੇ ਪਾਸ ਸ਼ੱਕੀ ਹਾਲਤ ਵਿਚ ਵਿਰਦਿਆਂ ਦੇਖਿਆ ਸੀ। ਇਸ ਰਿਪੋਰਟ ਤੇ ਹੀਰੇ ਭਾਟੜੇ ਨੂੰ ਮਿਸਟਰ ਕਰਿਸਟੀ ਨੇ ਸਪੈਸ਼ਲ ਸਟਾਫ ਵਾਲੇ ਮਕਾਨ ਵਿਚ ੨ ਜੁਲਾਈ ਨੂੰ ਸੱਦ ਲਿਆ। ਹੀਰਾ ਭਾਟੜਾ ਕਿਸੇ ਸਮੇਂ ਸਰਦਾਰ ਭਗਵਾਨ ਸਿੰਘ ਦਾ ਨੌਕਰ ਰਿਹਾ ਸੀ। ਸਰਦਾਰ ਨੇ ਇਕ ਦਮ ਕਹਿ ਦਿਤਾ ਕਿ ਹੀਰਾ ਬਦਮਾਸ਼ ਹੈ। ਜ਼ਖਮੀ ਬੁਚੜਾਂ ਨੇ ਹੀਰੇ ਨੂੰ ਸਿਆਣ ਕੇ ਬਿਆਨ ਦਿਤੇ ਕਿ ਕਤਲ ਤੋਂ ਕਈ ਦਿਨ ਪਹਿਲਾਂ ਇਹ ਬੁਚੜਖਾਨੇ ਪਾਸ ਸਾਡੇ ਨਾਲ ਸ਼ੱਕੀ ਗਲਾਂ ਕਰ ਰਿਹਾ ਸੀ। ਹੀਰੇ ਨੂੰ ਜਦੋਂ ਸਪੈਸ਼ਲ ਪੁਲੀਸ ਨੇ ਆਪਣੇ ਸੰਦਾਂ ਨਾਲ ਸਾਫ ਕੀਤਾ ਤਾਂ ਤਦ ਉਹ ੩ ਜੁਲਾਈ ਨੂੰ ਵਾਅਦਾ ਗਵਾਹ ਬਣਕੇ ਬਾਕੀ ਦੋਸ਼ੀਆਂ ਦੇ ਨਾਮ ਦਸਣ ਲਈ ਸਿੱਧਾ ਹੋ ਗਿਆ। ਹੀਰੇ ਨੇ ਅਹੀਏ ਬਦਮਾਸ਼ ਦਾ ਨਾ ਲੈ ਦਿੱਤਾ। ਆਹੀਏ ਨੂੰ ਜਦ ਫਾਂਟਾ ਚੜ੍ਹਿਆ ਤਦ ਉਸ ਨੇ ਭੀ ੭ ਜੁਲਾਈ ਨੂੰ ਹਾਂ ਕਰ ਦਿਤੀ। ਆਹੀਏ ਨੂੰ ਭੀ ਵਾਅਦਾ ਗਵਾਹ ਬਣਾ ਲਿਆ ਗਿਆ। ਇਨ੍ਹਾਂ ਦੋਨਾਂ ਨੇ ਮਿਲਕੇ ਸੇਠ ਜੈ ਰਾਮ ਦਾ ਨਾਮ ਲੈ ਦਿਤਾ। ਪੁਲੀਸ ਨੇ ਸੇਠ ਜੈ ਰਾਮ ਦੀ ਚੰਗੀ ਮੁਰੰਮਤ ਕੀਤੀ। ਲਾਲ ਮਿਰਚਾਂ ਅਤੇ ਵਿਸ਼ਟੇ ਦੀਆਂ ਧੂਣੀਆਂ ਦਿਤੀਆਂ। ਪੁਠਾ ਪਾ ਕੇ ਖੋਸੜੇ ਨਾਲ ਉਸਦੇ ਚੁਤੜਾਂ ਦੀ ਕੁਟਾਈ ਕੀਤੀ। ਉਸ ਦੀ ਗੁਦਾ ਵਿਚ ਡੰਡੇ ਦਿਤੇ ਗਏ ਤੇ ਲਾਲ ਮਿਰਚਾਂ ਪਾਈਆਂ ਗਈਆਂ। ਕਈ ਦਿਨਾਂ ਦੀਆਂ ਸਖਤੀਆ ਸਹਿਨ ਪਿਛੋਂ ਉਸਨੇ ਭੀ ੧੦ ਯਾ ੧੧ ਜੁਲਾਈ ਨੂੰ ਆਪਣੇ ਆਪ ਨੂੰ ਕਤਲਾਂ ਦੇ ਦੋਸ਼ੀਆਂ ਦਾ ਸਾਥੀ ਮੰਨ ਲਿਆ।

ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਮਿਸਟਰ ਬਰਚ ਸੇਠ ਜੈ ਰਾਮ ਨੂੰ ਵਾਅਦਾ ਮੁਆਫ ਗੁਆਹ ਬਣੌਣ ਦੇ ਹੱਕ ਵਿਚ ਨਹੀਂ ਸੀ। ਪਰ ਮਿਸਟਰ ਕਰਿਸਟੀ ਨੇ ਉਪਰਲੇ ਅਫਸਰਾਂ ਤੋਂ ਇਸ ਨੂੰ ਵਾਅਦਾ ਮੁਆਫ ਗਵਾਹ ਬਣਵਾ ਲਿਆ। ਡਿਪਟੀ ਕਮਿਸ਼ਨਰ ਅਤੇ ਪੁਲੀਸ ਕਪਤਾਨ ਮਿਸਟਰ ਕਰਿਸਟੀ ਦੇ ਤਫਤੀਸ਼ ਕਰਨ ਦੇ ਢੰਗਾਂ ਨੂੰ ਪਸੰਦ ਨਹੀਂ ਕਰਦੇ ਸਨ। ਮੋਹਰੀ ਬਦਮਾਸ਼ ਮਿਸਟਰ ਕਰਿਸਟੀ ਦੇ ਨੱਕ ਦਾ ਵਾਲ ਬਣ ਗਿਆ। ਸ਼ਹਿਰ ਵਿਚ ਧੱੜਾ ਧੜ ਗ੍ਰਿਫਤਾਰੀਆਂ ਹੋਣੀਆਂ ਸ਼ੁਰੂ ਹੋ ਗਈਆਂ। ਸਪੈਸ਼ਲ ਸਟਾਫ ਵਾਲਿਆਂ ਨੇ ਇਕ ਵੱਡਾ ਚੁੱਬਚਾ ਬਣਾ ਕੇ ਉਸ ਵਿਚ ਮਿਹਤਰਾਂ ਤੋਂ ਪਖਾਨਾ ਸੁਟਵਾ ਲਿਆ। ਸ਼ੱਕੀ ਮੁਲਜ਼ਮ ਨੂੰ ਫੜ ਕੇ ਇਸ ਗੰਦ ਦੇ ਚੁੱਬਚੇ ਵਿਚ ਖੜਾ ਕਰ ਦਿਤਾ ਜਾਂਦਾ। ਉਨੀਂਦਾ ਰਖਿਆ ਜਾਂਦਾ। ਦਿਨ ਰਾਤ ਚਾਰਪਾਈ ਉਦਾਲੇ ਟੰਗਾਂ ਚੌੜੀਆਂ ਕਰਕੇ ਖੜਾ ਕੀਤਾ ਜਾਂਦਾ ਅਤੇ ਤਰ੍ਹਾਂ ਤਰ੍ਹਾਂ ਦੀਆਂ ਸਖਤੀਆਂ ਵਰਤੀਆਂ ਜਾਂਦੀਆਂ। ਸ਼ੱਕੀ ਮੁਲਜ਼ਮ ਇਨ੍ਹਾਂ ਸਖਤੀਆਂ ਤੋਂ ਡਰਦੇ ਫਾਂਸੀ ਦੇ ਰੱਸੇ ਨਾਲ ਲਟਕ ਕੇ ਇਕੋ ਵਾਰ ਮਰ ਜਾਣ ਨੂੰ ਚੰਗਾ ਸਮਝਦੇ। ੨੦ ਜੁਲਾਈ ਤੱਕ ਮਿਸਟਰ ਕਰਿਸਟੀ ਨੇ ਆਪਣੀ ਤਫਤੀਸ਼ ਮੁਕੰਮਲ ਕਰ ਲਈ।

੨੧ ਤਾਰੀਖ ਨੂੰ ਇਹਨਾਂ ਤਿੰਨਾਂ ਵਾਅਦਾ ਮੁਆਫ ਗਵਾਹਾਂ ਨੂੰ ਛੱਡ ਕੇ ਸ਼ਹਿਰ ਅੰਮ੍ਰਿਤਸਰ ਦੇ ੧੨ ਸਜਣਾਂ ਸੰਤ ਰਾਮ, ਰਾਮ ਕਿਸ਼ਨ, ਮੰਨਾ ਸਿੰਘ ਨਿਹੰਗ, ਜੁਆਲਾ ਸਿੰਘ, ਪੰਨਾ ਜੀ, ਮੂਲਾ, ਨਿਹਾਲ ਸਿੰਘ, ਮਘਾ, ਸੁੰਦਰ ਸਿੰਘ, ਭੂਪ ਸਿੰਘ, ਟੇਕਾ ਅਤੇ ਸੋਭਾ ਦਾ ਬੁਚੜਾਂ ਦੇ ਕਤਲ ਦੇ ਮੁੱਕਦਮੇ ਵਿਚ ਮੈਜਿਸਟਰੇਟ ਦੀ ਅਦਾਲਤ ਵਿਚ ਚਲਾਨ ਕਰ ਦਿਤਾ ਗਿਆ। ਝੂਠੇ ਗਵਾਹ ਬਣਾਏ ਗਏ। ਕਸਮਾਂ ਚੁਕਵਾਂ ਚੁਕਵਾ ਕੇ ਗਵਾਹੀਆਂ ਦਵਾਈਆਂ ਗਈਆਂ ਅਤੇ ਫਾਜ਼ਲ ਮਜਸਟਰੇਟ ਸਾਹਿਬ ਨੇ ੨੫ ਜੁਲਾਈ ਨੂੰ ਇਹਨ੍ਹਾਂ ੧੨ ਦੋਸ਼ੀਆਂ ਦੀ ਮਿਸਲ ਮੁੱਕਮਲ ਕਰਕੇ ਡਿਪਟੀ ਕਮਿਸ਼ਨਰ ਪਾਸ ਭੇਜ ਦਿਤੀ। ੨੬ ਜੁਲਾਈ ਨੂੰ ਡਿਪਟੀ ਕਮਿਸ਼ਨਰ ਨੇ ਮਿਸਲ ਸੈਸ਼ਨ ਜੱਜ ਪਾਸ ਫੈਸਲੇ ਲਈ ਰਵਾਨਾ ਕੀਤੀ। ਇਸ ਮੁਕੱਦਮੇ ਦੇ ਦਿਨਾਂ ਵਿਚ ਹੀ ੧੫ ਜੁਲਾਈ ਨੂੰ ਅੱਧੀ ਰਾਤ ਦੇ ਨੇੜੇ ਰਾਏ ਕੋਟ ਜ਼ਿਲਾ ਲੁਧਿਆਣੇ ਵਿਚ ਬੁਚੜਖਾਨੇ ਤੇ ਹਮਲਾ ਹੋਇਆ ਜਿਸ ਵਿਚ ੪ ਆਦਮੀ ਮਾਰੇ ਗਏ ਅਤੇ ੭ ਹੋਰ ਬੁਰੀ ਤਰ੍ਹਾਂ ਫਟੜ ਹੋਏ। ਅੰਗਰੇਜ਼ ਹਾਕਮਾਂ ਅਤੇ ਅਫਸਰਾਂ ਦੇ ਦਿਲਾਂ ਵਿਚ ਦਹਿਸ਼ਤ ਬੈਠ ਗਈ ਅਤੇ ਉਨ੍ਹਾਂ ਨੇ ਇਸ ਉਠਦੀ ਜੁਆਲਾ ਨੂੰ ਭੜਕਣ ਤੋਂ ਪਹਿਲੋਂ ਹੀ ਦਬਾਣ ਦੀਆਂ ਤਜਵੀਜ਼ਾਂ ਅਤੇ ਪਰਬੰਧ ਕਰਨੇ ਸ਼ੁਰੂ ਕਰ ਦਿਤੇ। ਪੰਜਾਬ ਦੇ ਡਿਪਟੀ ਇੰਸਪੈਕਟਰ ਜਨਰਲ ਪੁਲੀਸ ਨੇ ਲੁਧਿਆਣੇ ਪਹੁੰਚਣ ਤੋਂ ਪਹਿਲਾਂ ਹੀ ਇਹ ਨਿਸਚਾ ਕਰ ਲਿਆ ਸੀ ਕਿ ਬੁਚੜਾਂ ਦੇ ਕਤਲਾਂ ਦੀਆਂ ਘਟਨਾਵਾਂ ਨਾਮਧਾਰੀਆਂ ਯਾ ਕੂਕਿਆਂ ਨੇ ਹੀ ਕੀਤੀਆਂ ਸਨ। ਲੋਕਾਂ ਦੇ ਦਿਲਾਂ ਤੇ ਹਕੂਮਤ ਦਾ

Sri Satguru Jagjit Singh Ji Elibrary NamdhariElibrary@gmail.com

ਰੋਅਬ ਬਣੋਣ ਲਈ ੨੨ ਜੁਲਾਈ ਨੂੰ ਮਹਾਰਾਜਾ ਪਟਿਆਲਾ ਦੀ ਮਦਦ ਨਾਲ ਪਿੰਡ ਪਿਥੋ ਰਿਆਸਤ ਨਾਭਾ ਅਤੇ ਮੰਡੀ ਰਿਆਸਤ ਪਟਿਆਲਾ ਵਿਚੋਂ ਫੜੇ ਗਏ ੭ ਕੂਕਿਆਂ ਤੇ ੨੫ ਯਾ ੨੬ ਜੁਲਾਈ ਨੂੰ ਬੱਸੀਆਂ ਦੀ ਕੋਠੀ ਮੁਕੱਦਮਾ ਚਲਿਆ। ੨੭ ਜੁਲਾਈ ਨੂੰ ਸ਼ਿਸ਼ਨ ਜੱਜ ਨੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿਤੀ ਅਤੇ ੧ ਅਗਸਤ ਨੂੰ ਭਾਈ ਮਸਤਾਨ ਸਿੰਘ, ਭਾਈ ਗੁਰਮੁਖ ਸਿੰਘ, ਅਤੇ ਭਾਈ ਮੰਗਲ ਸਿੰਘ ਨੂੰ ਬੁਚੜਖਾਨੇ ਪਾਸ ਰਾਏਕੋਟ ਫਾਂਸੀ ਦੇ ਦਿਤੀ ਗਈ।

ਅੰਮ੍ਰਿਤਸਰ ਦੇ ਸ਼ਿਸ਼ਨ ਜੱਜ ਨੇ ਅਜੇ ਮੁਕੱਦਮਾ ਸੁਨਣਾ ਸ਼ੁਰੂ ਨਹੀਂ ਕੀਤਾ ਸੀ ਕਿ ਕਰਨਲ ਬੇਲੀ, ਡਿਪਟੀ ਇੰਸਪੈਕਟਰ ਜਨਰਲ ਪੁਲੀਸ ਪੰਜਾਬ ਦੀ ਲੁਧਿਆਣੇ ਤੋਂ ੨੭ ਜੁਲਾਈ ਦੀ ਇਕ ਤਾਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਨਾਮ ਪਹੁੰਚੀ ਕਿ ਅੰਮ੍ਰਿਤਸਰ ਦੇ ਬੁਚੜਾਂ ਦੇ ਕਾਤਲਾਂ ਦਾ ਪਤਾ ਲਗ ਗਿਆ ਹੈ ਅਤੇ ਉਹ ਛੇਤੀ ਹੀ ਵਾਅਦਾ ਮੁਆਫ ਗਵਾਹ ਨੂੰ ਨਾਲ ਲੈ ਕੇ ਅੰਮ੍ਰਿਤਸਰ ਪਹੁੰਚ ਰਿਹਾ ਹੈ। ਕਲਨਲ ਬੇਲੀ ੧੫ ਜੁਲਾਈ ਦੀ ਰਾਤ ਤੋਂ ਰਾਏਕੋਟ ਵਿਖੇ ਬੁਚੜਾਂ ਦੇ ਕਤਲ ਦੀ ਤਫਤੀਸ਼ ਸਬੰਧੀ ਜ਼ਿਲਾ ਲੁਧਿਆਣਾ ਵਿਚ ਪਹੁੰਚਿਆ ਹੋਇਆ ਸੀ।

੨ ਅਗਸਤ ਨੂੰ ਕਲਨਲ ਬੇਲੀ ਗੁਲਾਬ ਸਿੰਘ ਵਾਅਦਾ ਮੁਆਫ ਗਵਾਹ ਨੂੰ ਨਾਲ ਲੈਕੇ ਅੰਮ੍ਰਿਤਸਰ ਪਹੁੰਚ ਗਿਆ। ਗੁਰੂ ਰਾਮ ਸਿੰਘ ਜੀ ਪਾਸ ਇਹਨਾਂ ਮੁਕਦਮਿਆਂ ਦੀਆਂ ਖਬਰਾਂ ਭੈਣੀ ਸਾਹਿਬ ਪਹੁੰਚਦੀਆਂ ਰਹਿੰਦੀਆਂ ਸਨ। ਰਾਏਕੋਟ ਦੇ ਮੁਕਦਮੇ ਵਿਚ ਉਹਨਾਂ ਨੂੰ ਖੁਦ ਬਸੀਏਂ ਜਾਣਾ ਪਿਆ ਸੀ ਜਿਥੇ ਉਹਨਾਂ ਨੇ ਗੁਲਾਬ ਸਿੰਘ ਵਾਅਦਾ ਮੁਆਫ ਦੇ ਝੂਠ ਉਘੇੜ ਕੇ ਰੱਖ ਦਿਤੇ ਸਨ। ਜਦ ਉਨ੍ਹਾਂ ਨੇ ਵੇਖਿਆ ਕਿ ਅੰਗਰੇਜ਼ ਹਾਕਮ ਬੁਚੜਾਂ ਦੇ ਕਤਲਾਂ ਕਾਰਨ ਘਬਰਾਏ ਹੋਏ ਹਨ ਅਤੇ ਨਾਮਧਾਰੀਆਂ ਨੂੰ ਤਬਾਹ ਕਰਨ ਦੇ ਜੋਸ਼ ਵਿਚ ਬੇਦੋਸ਼ਿਆਂ ਨੂੰ ਹੀ ਫਾਂਸੀਆਂ ਤੇ ਟੰਗਣ ਲਗ ਪਏ ਹਨ, ਤਦ ਉਨ੍ਹਾਂ ਦੇ ਹੁਕਮ ਦੇ ਦਿਤਾ ਕਿ ਬੇਦੋਸ਼ਿਆਂ ਨੂੰ ਫਾਂਸੀਆਂ ਤੋਂ ਬਚਾਉਣ ਲਈ ਨਾਮਧਾਰੀ ਸਿੰਘ ਆਪਣੇ ਦੋਸ਼ ਦਾ ਇਕਬਾਲ ਕਰ ਲੈਵਣ। ਇਸ ਤੇ ਭਾਈ ਬੀਹਲਾ ਸਿੰਘ ਅਤੇ ਉਹ ਾਂ ਦੇ ਸਾਥੀਆਂ ਨੇ ਆਪ ਪੇਸ਼ ਹੋ ਕੇ ਅੰਮ੍ਰਿਤਸਰ ਵਾਲੇ ਕਤਲਾਂ ਦਾ ਇਕਬਾਲ ਕਰ ਲਿਆ। ੨ ਅਗਸਤ ਤੋਂ ੭ ਅਗਸਤ ਤਕ ਪੁਲੀਸ ਨੇ ਮੁਕੱਦਮਾ ਤਿਆਰ ਕਰ ਕੇ ਮਜਸਟਰੇਟ ਦੇ ਪੇਸ਼ ਕਰ ਦਿਤਾ। ਮਜਸਟਰੇਟ ਨੇ ਗਵਾਹੀਆਂ ਲੈ ਕੇ ਬੀਹਲਾ ਸਿੰਘ ਸੰਧੂ ਨਾਰਲੀ, ਫਤਹਿ ਸਿੰਘ ਭਾਟੜਾ ਦੁਕਾਨਦਾਰ ਅੰਮ੍ਰਿਤਸਰ, ਹਾਕਮ ਸਿੰਘ ਪਟਵਾਰੀ ਮੋਹੜੇ, ਲਹਿਣਾ ਸਿੰਘ ਲੋਪੋਕੇ ਵਾਅਦਾ ਮੁਆਫ ਨੂੰ ਹਿੰਦ ਡੰਡਾਵਲੀ ਦੀਆਂ ਧਾਰਾਂ ੩੦੨ ਹੇਠ ਅਤੇ ਲਾਲ ਸਿੰਘ, ਲਹਿਣਾ ਸਿੰਘ ਨੂੰ ਹਿੰਦ ਡੰਡਾਵਲੀ ਦੀਆਂ ਧਾਰਾਂ ੧੦੯ ਅਤੇ ੩੦੨ ਹੇਠ ਸ਼ਿਸ਼ਨ ਜਜ ਪਾਸ ਚਲਾਨ ਕਰ ਦਿਤੇ, ਅਤੇ ਮੇਹਰ ਸਿੰਘ ਲੋਪੋਕੇ ਝੰਡਾ ਸਿੰਘ ਪਿੰਡ ਠੱਠਾ ਅਤੇ ਲਛਮਣ ਸਿੰਘ ਪਿੰਡ ਚਾਹਲ ਜ਼ਿਲਾ ਗੁਰਦਾਸ ਪੁਰ ਤਿੰਨਾਂ ਨੂੰ ਭਗੌੜੇ ਕਰਾਰ ਦਿਤਾ ਗਿਆ। ਮਿਸਟਰ ਡਬਲਯੂ ਜੇ. ਡੇਵਿਜ਼ ਸ਼ਿਸ਼ਨ ਜੱਜ ਨੇ ਸਰਦਾਰ ਰਣਜੋਧ ਸਿੰਘ, ਖਾਨ ਗੁਲਾਮ ਕਾਦਰ ਅਤੇ ਸ੍ਰੀ ਬਾਲ ਮੁਕੰਦ ਤਿੰਨ ਅਸੇਸਰਾਂ ਦੀ ਪੂਰਨ ਸੰਮਤੀ ਨਾਲ ੩੧ ਅਗਸਤ ੧੮੭੧ ਨੂੰ ਬੀਹਲਾ ਸਿੰਘ ਜੱਟ, ਫਤਹਿ ਸਿੰਘ ਭਾਟੜਾ, ਹਾਕਮ ਸਿੰਘ ਬ੍ਰਹਮਣ ਅਤੇ ਲਹਿਣਾ ਸਿੰਘ ਤਰਖਾਨ ਚਾਰੇ ਨਾਮਧਾਰੀਆਂ ਨੂੰ ਫਾਂਸੀ ਦੀਆਂ ਸਜ਼ਾਵਾਂ ਦਿਤੀਆਂ। ਲਾਲ ਸਿੰਘ ਅਤੇ ਲਹਿਣਾ ਸਿੰਘ ਪੁਤਰ ਬਲਾਕਾ ਸਿੰਘ ਦੋਨਾਂ ਨੂੰ ਨੂੰ ਕਾਲੇ ਪਾਣੀ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ।

੯ ਅਗਸਤ ੧੮੭੧ ਨੂੰ ਇਨ੍ਹਾਂ, ਚਾਰਾਂ ਮੌਤ ਦੇ ਦੋਸ਼ੀਆਂ ਦੀ ਮਿਸਲ ਪੰਜਾਬ ਚੀਫ ਕੋਰਟ ਦੇ ਜੱਜ ਮਿਸਟਰ ਜੇ. ਐਸ. ਕੈਂਮਪਬੈਲ ਦੇ ਸਾਹਮਣੇ ਪੇਸ਼ ਹੋਈ ਕਿਉਂਕਿ ਮੌਤ ਦੀ ਸਜ਼ਾ ਨੂੰ ਚੀਫ ਕੋਰਟ ਨੇ ਹੀ ਪਕਿਆਂ ਕਰਨਾ ਸੀ। ਜੱਜ ਸਾਹਿਬ ਨੇ ਮੌਤ ਦੀ ਸਜ਼ਾ ਨੂੰ ਬਹਾਲ ਰਖਿਆ। ੧੧ ਸਤੰਬਰ ਨੂੰ ਮਿ. ਸੀ. ਆਰ ਲਿੰਡਸੇ ਨੇ ਮਿਸਟਰ ਕੈਂਮਪਬੈਲ ਦੇ ਫੈਸਲੇ ਦੀ ਤਸਦੀਕ ਕਰ ਦਿਤੀ।

੧੫ ਸਤੰਬਰ ੧੮੭੧ ਵਾਲੇ ਦਿਨ ਇਨ੍ਹਾਂ ਚਾਰੇ ਨਾਮਧਾਰੀ ਸਿੰਘਾਂ ਨੂੰ ਅੰਮ੍ਰਿਤਸਰ ਵਿਖੇ ਰਾਮ ਬਾਗ ਦੇ ਇਕ ਵਡੇ ਬੋਹੜ ਨਾਲ ਲੋਕਾਂ ਦੇ ਸਾਹਮਣੇ ਫਾਂਸੀਆਂ ਦਿਤੀਆਂ ਗਈਆਂ। ਅਣਛਪੀ ਪੁਸਤਕ ਗੁਰੂ ਬਿਲਾਸ ਵਿਚ ਇਸ ਫਾਂਸੀ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੋਇਆ ਹੈ।

"ਫਾਂਸੀ ਵਾਲੇ ਸਿੰਘਾਂ ਨੂੰ ਫਰੰਗੀ ਨੇ ਕਿਹਾ, ਜੋ ਕੁਝ ਖਾਣਾ ਹੈ, ਸੋ ਖਾਏ ਲਵੋ। ਜਿਸ ਨੂੰ ਮਿਲਣਾ ਹੈ ਸੋ ਮਿਲ ਲਵੋ। ਸਿੰਘਾਂ ਨੇ ਕਿਹਾ, ਸਾਡਾ ਖਾਣਾ ਨਾਮ ਹੈ ਅਕਾਲ ਪੁਰਖ ਕਾ। ਮਰਨ ਥੀਂ ਸਾਨੂੰ ਕੋਈ ਡਰ ਨਹੀਂ ਹੈ ਕਿਉਂਕਿ

Sri Satguru Jagjit Singh Ji Elibrary NamdhariElibrary@gmail.com

ਸਾਡੇ ਵਡਿਆਂ ਨੇ ਧਰਮ ਹੇਤ ਸੀਸ ਦਿਤੇ ਹਨ ਤੇ ਸੀ ਨਹੀਂ ਕੀਤੀ। ਇਸੀ ਤਰ੍ਹਾਂ ਅਸੀਂ ਸੀਸ ਦੇਵਾਂਗੇ, ਸਾਕ ਸੈਨ ਭੀ ਸਾਡਾ ਧਰਮ ਹੈ। ਅਸੀਂ ਕਿਸੇ ਨੂੰ ਨਹੀਂ ਮਿਲਣਾ ਹੈ। ਧਰਮ ਹੇਤ ਸੀਸ ਦੇਵਾਂਗੇ, ਸੀ ਨਹੀਂ ਕਰਨੀ ਹੈ। ਸੁਣ ਕੇ ਫਰੰਗੀ ਚੁਪ ਕਰ ਰਿਹਾ, ਕੋਈ ਉਤਰ ਨਾ ਫੁਰਿਆ। ਸਿੰਘਾਂ ਨੇ ਅੰਮ੍ਰਿਤਸਰ ਤਲਾ ਵਿਚ ਇਸ਼ਨਾਨ ਕਰਕੇ ਗਰੰਥ ਸਾਹਿਬ ਕਾ ਜੋ ਭੋਗ ਪਾਇਆ ਚੜ੍ਹਾਈ ਕਾ ਪੜ੍ਹਕੇ ਤਾਂ ਉਸੇ ਵਕਤ ਸਪਾਹੀ ਨੇ ਹੁਕਮ ਆਇ ਸੁਣਾਇਆ ਕਿ ਚਲੋ। ਸਿੰਘ ਢੋਲਕੀ ਬਜਾਇ ਕੇ ਸ਼ਬਦ ਪੜ੍ਹਦੇ ਗਏ। 'ਤੇਰੀ ਸ਼ਰਨ ਮੇਰੇ ਦੀਨ ਦਿਆਲਾ ਸੁਖ ਸਾਗਰ ਮੇਰੇ ਗੁਰ ਗੋਪਾਲਾ। ਕਰ ਕਿਰਪਾ ਨਾਨਕ ਗੁਣ ਗਾਵੇ ਰਾਖੋ ਸਰਮ ਅਸਾੜੀ ਜੋਓ।' ਬੜੀ ਛੱਬ ਨਾਲ ਸ਼ਬਦ ਪੜ੍ਹਿਆ ਔਰ ਟੁਰੇ। ਆਏ ਫਾਂਸੀ ਵਾਲੀ ਜਗ੍ਹਾ। ਸਿੰਘਾਂ ਦੇ ਚੇਹਰਿਆਂ ਉਪਰ ਲਾਲੀਆਂ ਦਗਦੀਆਂ ਹਨ। ਬੇਗਮ ਹੈ ਜਿਨ੍ਹਾਂ ਕੇ ਮਨ ਮੇਂ ਮੌਤ ਕਾ ਭੈ ਨਹੀਂ ਹੈ. ਨਿਰਭੈ ਸ਼ਬਦ ਪੜ੍ਹਦੇ ਹੈਂ, ਤਖਤ ਪਰ ਚੜ੍ਹੇ। ਅਰਦਾਸਾ ਚੜ੍ਹਾਈ ਕਾ ਕੀਤਾ ਤੇ ਬੋਲਾ ਇਹ ਕੀਤਾ ਜੋ ਮੈਂ ਤੇਰੇ ਪ੍ਰਤਾਪ ਸੇ ਤਖਤ ਪਰ ਚੜ੍ਹਿਆਂ ਹਾਂ। ਬੜੀ ਨੇਕ ਨਾਮੀ ਪਾਈ ਹੈ, ਬੜਾ ਔਹਦਾ ਹੋਇਆ ਹੈ। ਬੜੇ ਹੌਸਲੇ ਵਾਲਿਆਂ ਨੇ ਚੂੜ੍ਹਾ ਨੇੜੇ ਨਹੀਂ ਆਉਣ ਦਿਤਾ। ਆਪਣੀ ਹਥੀਂ ਦੱਸੇ ਗਲਾਂ ਮੇਂ ਪਾਏ। ਚਿਟੀਆਂ ਪੁਸ਼ਾਕਾਂ ਹੰਸਾਂ ਵਰਗੀਆਂ ਸ਼ਕਲਾਂ ਸਤਿ ਸ੍ਰੀ ਅਕਾਲ ਬੁਲਾਈ। ਪੈਰਾਂ ਹੇਠੋਂ ਪਟੜਾ ਖਿਚਿਆ। ਅੰਤ ਕਾ ਝੂਟਾ ਆਇਆ। ਪ੍ਰਾਣ ਜੁਦਾ ਹੋਏ......ਸਿਧੇ ਮੂੰਹ ਹੋਏ ਕੇ ਸੀਸ ਦੀਏ, ਸੀ ਨਹੀਂ ਕੀਤੀ। ਸੂਰਮਿਆਂ ਨੇ ਅਗੇ ਹੀ ਪੈਰ ਧਰੇ ਨੇ।'

ਨਾਮਧਾਰੀ ਸਿਖਾਂ ਦੇ ਆਪਣੇ ਆਪ ਜੁਰਮ ਦਾ ਇਕਬਾਲ ਕਰ ਲੈਣ ਤੇ ਮਿਸਟਰ ਕਰਿਸਟੀ ਦੀ ਬੜੀ ਬੇਇਜ਼ਤੀ ਹੋਈ। ਲੋਕੀਂ ਪੁਲੀਸ ਦੀ ਤਫਤੀਸ਼ ਅਤੇ ਅੰਗਰੇਜ਼ੀ ਹਕੂਮਤ ਦੇ ਇਨਸਾਫ ਸਬੰਧੀ ਕਰੜੀਆਂ ਗਲਾਂ ਕਹਿਣ ਲੱਗ ਪਏ। ਸ਼ਹਿਰ ਵਿਚ ਬੜਾ ਰੌਲਾ ਪੈ ਗਿਆ। ਨਾਮਧਾਰੀ ਸਿੰਘਾਂ ਅਤੇ ਗੁਰੂ ਰਾਮ ਸਿੰਘ ਜੀ ਦੀ ਜੈ ਜੈ ਕਾਰ ਹੋਣ ਲਗ ਪਈ। ਮੁਖਬਰਾਂ ਵਾਅਦਾ ਮੁਆਫ ਝੂਠੇ ਗਵਾਹਾਂ ਨੂੰ ਲੋਕੀ ਲਾਅਨਤਾਂ ਪਾਉਣ ਲਗੇ। ੩ ਯਾ ੪ ਅਗਸਤ ਨੂੰ ਸ਼ਿਸ਼ਨ ਜੱਜ ਦੇ ਸਾਹਮਣੇ ਮੁੱਕਦਮਾ ਪੇਸ਼ ਹੋਇਆ। ਵਾਅਦੋਂ ਮੁਆਫ ਗੁਵਾਹ ਜੈ ਰਾਮ ਆਪਣੇ ਬਿਆਨਾਂ ਤੋਂ ਮੁਕਰ ਗਿਆ।

ਪੁਲੀਸ ਨੇ ਕਾਰਵਾਈ ਕਰਦਿਆਂ ਹੋਇਆਂ ਅਦਾਲਤ ਨੂੰ ਅਰਜ਼ ਕੀਤੀ, ਕਿ ਚੂੰਕਿ ਇਸ ਮੁਕਦਮੇ ਵਿਚ ਵਾਅਦਾ ਮੁਆਫ ਬਿਆਨਾਂ ਤੋਂ ਮੁਕਰ ਗਏ ਹਨ, ਇਸ ਲਈ ਫਿਦਵੀ-ਆਨ ਹੋਰ ਕੋਈ ਸਬੂਤ ਦੋਸ਼ੀਆਂ ਦੇ ਖਿਲਾਫ ਪੇਸ਼ ਨਹੀਂ ਕਰ ਸਕਦੇ। ਮਿਸਲਾਂ ਦੇ ਪੇਟ ਭਰਕੇ ਅਤੇ ਸਚੀਆਂ ਝੂਠੀਆਂ ਝਖਾਂ ਮਾਰਕੇ ੯ ਅਗਸਤ ਨੂੰ ਝੂਠੇ ਵਾਅਦਾ ਮੁਆਫ ਗਵਾਹਾਂ ਦੇ ਝੂਠੇ ਬਿਆਨਾਂ ਤੇ ਬੇਗੁਨਾਹ ਫੜੇ ਗਏ ੧੨ ਦੋਸ਼ੀਆਂ ਦੇ ਵਿਰੁਧ ਮੁਕੱਦਮਾ ਵਾਪਸ ਲੈ ਲਿਆ ਗਿਆ।

੫ ਅਤੇ ੯ ਦਸੰਬਰ ੧੮੭੧ ਨੂੰ ਇਸ ਮੁਕੱਦਮੇ ਦੇ ਬੇਗੁਨਾਹ ਮੁਲਜ਼ਮਾਂ ਮਨਾ ਸਿੰਘ, ਰਾਮ ਕ੍ਰਿਸ਼ਨ ਅਤੇ ਮਈਆ ਨੇ ਸਰਕਾਰ ਪਾਸੋਂ ਹੀਰਾ, ਆਹੀਆ ਅਤੇ ਜੈਮਲ ਦੇ ਵਿਰੁਦ ਮੁਕੱਦਮਾ ਕਰਨ ਦੀ ਇਜਾਜ਼ਤ ਮੰਗੀ, ਇਜਾਜ਼ਤ ਮਿਲਣ ਤੇ ਮਨਾ ਸਿੰਘ ਨੇ ੧੭ ਅਕਤੂਬਰ ੧੮੭੨ ਨੂੰ ਹੀਰੇ ਅਤੇ ਆਹੀਏ ਵਆਦਾ ਮੁਆਫੀ ਤੇ ਮੁਕੱਦਮਾ ਦਾਇਰ ਕਰ ਦਿਤਾ। ਹੀਰਾ ਭਜ ਗਿਆ ਅਤੇ ਆਹੀਏ ਨੂੰ ਦੋ ਸਾਲ ਦੀ ਸਖਤ ਕੈਦ ਅਤੇ ੩ ਮਹੀਨੇ ਕੋਠੜੀ ਬੰਦ ਦੀ ਕੈਦ ਹੋਈ। ਸੇਠ ਜੈ ਰਾਮ ਵਿਰੁਧ ਭੀ ਮੁਕੱਦਮਾ ਕਰਨ ਦੀ ਇਜਾਜ਼ਤ ਮੰਗੀ ਗਈ। ਭਾਵੇਂ ਡਿਪਟੀ ਕਮਿਸ਼ਨਰ ਬਰਚ ਇਸ ਮਨਜ਼ੂਰੀ ਦੇ ਹੱਕ ਵਿਚ ਸੀ, ਪਰ ਜੈ ਰਾਮ ਨੇ ਪੇਸ਼ ਹੋਕੇ ਐਸੇ ਬਿਆਨ ਦੇਣ ਦੀ ਧਮਕੀ ਦਿਤੀ, ਜਿਸ ਨਾਲ ਮਿਸਟਰ ਕਰਿਸਟੀ ਅਤੇ ਹੋਰ ਅਫਸਰਾਂ ਦੇ ਖਿਲਾਫ ਦੋਸ਼ੀਆਂ ਤੇ ਕਈ ਤਰ੍ਹਾਂ, ਦੀਆਂ ਸਖਤੀਆਂ ਕਰਨ ਦੇ ਇਲਜ਼ਾਮ ਸਿਧ ਹੁੰਦੇ ਸਨ। ਇਹ ਮਨਜ਼ੂਰੀ ਨਾ ਦਿਤੀ ਗਈ। ਰਾਜਾ ਸਾਹਿਬ ਦਿਆਲ ਅਤੇ ਸਰਦਾਰ ਬਹਾਦੁਰ ਮੰਗਲ ਸਿੰਘ ਰਾਮਗੜ੍ਹੀਏ ਨੇ ਭੀ ਸਰਕਾਰ ਨੂੰ ਏਹੋ ਸਲਾਹ ਦਿਤੀ ਕਿ ਸੇਠ ਜੈ ਰਾਮ ਤੇ ਮੁੱਕਦਮਾ ਚਲੌਣ ਦੀ ਇਜਾਜ਼ਤ ਨਹੀਂ ਦਿਤੀ ਜਾਣੀ ਚਾਹੀਦੀ। ੧੧ ਅਗਸਤ ਸੰਨ ੧੮੭੩ ਨੂੰ ਝੰਡਾ ਸਿੰਘ ਠੱਠੇ ਵਾਲਾ ਪਕੜਿਆ ਗਿਆ। ੧੨ ਅਗਸਤ ਨੂੰ ਉਸ ਤੇ ਮੁਕੱਦਮਾ ਚਲਿਆ ਅਤੇ ਉਸ ਨੂੰ ਭੀ ਫਾਂਸੀ ਦੇ ਦਿਤੀ ਗਈ। ●

Sri Satguru Jagjit Singh Ji Elibrary NamdhariElibrary@gmail.com

ਪ੍ਰਾਚੀ ਸਰਸ੍ਵਤੀ

—ਜਸਵੰਤ ਸਿੰਘ ਵਿਰਦੀ

ਬੜੇ ਚਿਰਾਂ ਤੋਂ ਮੇਰੇ ਮਨ ਵਿਚ ਇਹ ਖਾਹਿਸ਼ ਮਚਲ ਰਹੀ ਸੀ ਕਿ ਸਰਸਵਤੀ ਦੇ ਦਰਸ਼ਨ ਤੋਂ ਬਗੈਰ ਜੀਵਨ ਸਾਰਥਕ ਨਹੀਂ। ਪਰ, ਮੈਂ ਕੀ ਕਰਦਾ।

ਸਰਸਵਤੀ ਨੂੰ ਲਭਣ ਲਈ ਮੇਰੀ ਦੌੜ ਹਾਲੇ ਖਤਮ ਨਹੀਂ ਸੀ ਹੋਈ। ਜਦੋਂ ਕਦੀ ਮੈਂ ਸਰੀਰਕ ਰੂਪ ਵਿਚ ਥੱਕ ਕੇ (ਹਾਰ ਕੇ ਨਹੀਂ) ਨੀਂਦ ਦੀ ਗੋਦ 'ਚ ਚਲਾ ਜਾਂਦਾ ਸੀ, ਤਾਂ ਵੀ ਸਰਸਵਤੀ ਦੀ ਤੇਜ਼ਧਾਰ ਆਪਣੇ ਲਿਸ਼ਕਦੇ ਹੋਏ ਰੁਪਹਿਲੇ ਪ੍ਰਭਾਵ ਨਾਲ ਮੇਰੇ ਵੀਰਾਨ ਮਨ ਨੂੰ ਤਰੋਤਾਜ਼ਾ ਕਰਕੇ ਸਰਸਬਜ਼ ਬਣਾ ਜਾਂਦੀ ਸੀ। ਫੇਰ ਜਦੋਂ ਉਠਦਾ ਤਾਂ ਮੇਰਾ ਤਨਮਨ ਪ੍ਰੋਮਿਥੀਅਸ ਵਾਂਗ ਹੀ ਨਵਾਂ ਨਰੋਆ ਹੁੰਦਾ।

ਜੇਕਰ ਅਜ ਵੀ ਸਾਡੇ ਕੋਲ ਸਰਸਵਤੀ ਦਾ ਪਾਣੀ ਮੌਜੂਦ ਹੁੰਦਾ, ਤਾਂ ਸਮੁਚੀ ਕੌਮ ਹੀ ਨਵੀਂ ਨਰੋਈ ਹੋ ਸਕਦੀ ਸੀ।

ਸਰਸਵਤੀ ਨਦੀ ਬਾਰੇ ਪ੍ਰਸਿਧ ਹੈ ਕਿ ਉਸਦਾ ਪਵਿਤਰ ਜਲ ਧਰਤੀ ਦੇ ਥੱਲੇ ਵਗਦਾ ਹੈ, ਉਪਰ ਨਹੀਂ। ਕਿਤੇ ਕਿਤੇ ਕੁਝ ਲੋਕ ਹੀ ਉਸਦੇ ਦਰਸ਼ਨ ਕਰ ਸਕਦੇ ਨੇ।

ਭੂ ਗਰਭ ਵਿਗਿਆਨੀ ਇਸ ਤਰ੍ਹਾਂ ਵੀ ਕਹਿੰਦੇ ਸੁਣੇ ਗਏ ਨੇ ਕਿ ਹਿਮਾਲਾ ਪਰਬਤ ਵਿਚ ਹਲਚਲਾਂ ਤੇ ਉਥਲ ਪੁਥਲ ਕਾਰਣ ਸਰਸਵਤੀ ਦਾ ਰਾਹ ਗੁਆਚ ਗਿਆ। ਉਸਦੇ ਬਹੁਤ ਸਾਰੇ ਸਹਾਇਕ ਦਰਿਆ ਜਮਨਾ ਨਾਲ ਜਾ ਜੁੜੇ ਤੇ ਉਸ ਦੇ ਸੋਮੇ ਦੀ ਧਾਰ ਲੂਣੀ ਅਤੇ ਅਗੱਰ ਦੇ ਰੂਪ ਵਿਚ ਹਾਲੇ ਵੀ ਬਾਕੀ ਹੈ।

ਪਰ ਜਿਹੜੀ ਸਰਸਵਤੀ ਗੁਜਰਾਤ ਵਿਚ ਵਗਦੀ ਸੀ, ਉਹ ਕੁਦਰਤ ਦਾ ਕਿਹੜਾ ਕਰਿਸ਼ਮਾ ਸੀ?

ਜਿਨ੍ਹਾਂ ਦਿਨਾਂ ਵਿਚ ਮੈਂ ਸਰਸਵਤੀ ਦੇ ਦਰਸ਼ਨਾਂ ਲਈ ਦਰ-ਦਰ ਭਟਕ ਰਿਹਾ ਸਾਂ, ਤਾਂ ਰਾਜਸਥਾਨ ਦੇ ਰੇਤੀਲੇ ਖੇਤਰ ਵਿਚ ਨਖਿਲਸਤਾਨ ਵਰਗੇ ਪ੍ਰਭਾਵ ਵਾਲੇ ਇਕ ਸਾਧੂ ਨੇ ਮੇਰੇ ਮੋਢੇ ਨੂੰ ਝੰਜੋੜ ਕੇ ਕਿਹਾ:

'ਤੂੰ ਮਾਂ ਸਰਸਵਤੀ ਦੇ ਦਰਸ਼ਨ ਕਰਨੇ ਨੇ?'

'ਜੀ, ਹਾਂ'

'ਹਿਮਾਲਾ ਦੀ ਕੁੱਖ ਵਿਚ ਬਦਰੀ ਨਾਰ ਇਣ ਤੋਂ ਅਗੇ ਗਿਆ ਸੈਂ?'

'ਜੀ, ਹਾਂ।'

'ਫੇਰ ਕੀ ਵੇਖਿਆ?'

ਮੈਂ ਦਸਿਆ।

'ਬਦਰੀ ਨਾਰਾਇਣ ਦੇ ਮਹਾਨ ਤੀਰਥ ਧਾਮ ਕੋਲ ਵੀ ਮੈਂ ਸਰਸਵਤੀ ਨੂੰ ਵੇਖਿਆ ਸੀ। ਕਹਿੰਦੇ ਨੇ ਕਿ ਉਥੇ, ਇਹ

Sri Satguru Jagjit Singh Ji Elibrary NamdhariElibrary@gmail.com

ਨਦੀ ਮਾਨ ਦੱਰੇ ਕੋਲੋਂ ਦੋ ਕਿ. ਮੀ. ਦੇ ਫਾਸਲੇ ਤੋਂ ਆਰੰਭ ਹੁੰਦੀ ਹੈ ਅਤੇ ਕੇਵਲ ੪੦ ਕਿ. ਮੀ. ਦਾ ਫਾਸਲਾ ਤਹਿ ਕਰਕੇ ਵਿਸ਼ਨੂੰ ਗੰਗਾ ਨਾਲ ਜਾ ਰਲਦੀ ਹੈ। ਵਿਸ਼ਨੂੰ ਗੰਗਾ ਨਾਲ ਇਸ ਦੇ ਮੇਲ ਤੋਂ ਪਹਿਲਾਂ ਸਰਸਵਤੀ ਬੜੀ ਗਹਿਰੀ ਖੱਡ ਵਿਚੀਂ ਲੰਘਦੀ ਤੇ ਫੇਰ ਪਤਾ ਨਹੀਂ ਕਿਧਰ ਅਲੋਪ ਹੋ ਜਾਂਦੀ ਹੈ। ਕੇਵਲ ਉਸ ਦੀਆਂ ਕੁਝ ਕੁ ਧਾਰਾਂ ਹੀ ਨਜ਼ਰ ਆਉਂਦੀਆਂ ਨੇ। ਗਹਿਰੀ ਖੱਡ ਵਿਚ ਅਲੋਪ ਹੋਣ ਵੇਲੇ ਜਿਸ ਤਰ੍ਹਾਂ ਦਾ ਉਹਦਾ ਪਾਣੀ ਸ਼ੁਧ ਹੁੰਦਾ ਹੈ, ਉਹ ਵਿਸ਼ਨੂੰ ਗੰਗਾ ਨਾਲ ਉਸ ਦੇ ਮੇਲ ਵੇਲੇ ਉਸ ਤਰ੍ਹਾਂ ਦਾ ਨਹੀਂ ਰਹਿੰਦਾ।'

'ਚੰਗਾ, ਹੁਣ ਤੂੰ ਇਸ ਤਰ੍ਹਾਂ ਕਰ.......ਅੰਬਾਂ ਜੀ ਦੇ ਦਰਸ਼ਨਾਂ ਲਈ ਪਹੁੰਚ।'

'ਮਹਾਤਮਾ ਜੀ, ਉਹ ਕਿਥੇ ਹੈ?

'ਅੰਬਾ ਜੀ ਉਤਰ ਗੁਜਰਾਤ ਦਾ ਪ੍ਰਸਿਧ ਤੀਰਥ ਧਾਮ ਹੈ। ਅਰਬਲੀ ਪਰਬਤ ਮਾਲਾ ਵਿਚ ਆਰਾਸੁਰ ਨਾਂ ਦਾ ਵੀ ਇਕ ਪਹਾੜ ਹੈ। ਇਸ ਪਹਾੜ ਦੇ ਇਕ ਸਿਖਰ ਤੇ ਆਰਾਪੁਰ ਨਾਂ ਦਾ ਪਿੰਡ ਹੈ। ਬਸ ਉਥੇ ਹੀ ਹੈ ਅੰਬਾਜੀ ਦਾ ਮੰਦਿਰ।'

'ਪਰ ਮੈਂ ਪੁਜਾਂਗਾ ਕਿਵੇਂ?'

'ਦਿੱਲੀਉਂ ਚਲਕੇ ਖਰੇਡੀ ਸਟੇਸ਼ਨ ਤੇ ਉਤਰ ਜਾਵੀਂ। ਉਥੋਂ ਅੰਬਾਜੀ ਵੀਹ ਕੁ ਕਿ. ਮੀ. ਦੂਰ ਹੈ।'

'ਜੰਗਲ?'

'ਨਹੀਂ', ਸਮੁਚਾ ਮਾਰਗ ਕੁਦਰਤੀ ਸੁੰਦਰਤਾ ਨਾਲ ਭਰਪੂਰ ਹੈ।'

ਪਲ ਭਰ ਰੁਕਕੇ ਉਹਨੇ ਫੇਰ ਕਿਹਾ—'ਤੂੰ ਮੈਨੂੰ ਕਾਫੀ ਥੱਕ ਗਿਆ ਲਗਦਾ ਏਂ। ਉਥੇ ਤਰੋਤਾਜ਼ਾ ਤੇ ਨਰੋਆ ਹੋ ਜਾਵੇਂਗਾ।

'ਕਿਵੇਂ ਜੀ?'

'ਸ਼ਾਸਤਰਾਂ ਵਿੱਚ ਦੇਵੀ ਦੇ ਜਿਹੜੇ ਬਾਰਾਂ ਰੂਪ ਦਸੇ ਗਏ ਨੇ, ਉਨ੍ਹਾਂ ਦਾ ਹੀ ਇੱਕ ਰੂਪ ਅੰਬਾਜੀ, ਗੁਜਰਾਤ ਵਿੱਚ ਹੈ। ਉਸ ਦੇ ਦਰਸ਼ਨ ਨਾਲ ਹੀ ਮਨ ਨਵਾਂ ਨਰੋਆ ਹੋ ਜਾਂਦਾ ਹੈ।'

'ਤੇ ਸਰਸਵਤੀ?'

'ਉਸ ਦੇ ਦਰਸ਼ਨ ਵੀ ਤੈਨੂੰ ਉਥੇ ਹੀ ਹੋ ਸਕਣਗੇ।'

ਅੰਬਾ ਜੀ ਦੇ ਮੰਦਿਰ ਦੀ ਸੋਭਾ ਜਿਵੇਂ ਸੁਣੀ ਸੀ, ਉਸੇ ਤਰ੍ਹਾਂ ਹੀ ਵੇਖਿਆ। ਬਾਹਰ ਲੋਕ ਗਰਬਾ (ਨਾਚ) ਕਰ ਰਹੇ ਸਨ। ਹਰ ਪਾਸੇ ਰੌਣਕ ਸੀ।

ਹਿਮਾਲਾ ਦੇ ਬਰਫੀਲੇ ਪਰਬਤਾਂ ਦਾ ਤਾਂ ਮੈਂ ਭੇਤੀ ਸਾਂ ਪਰ ਮੈਨੂੰ ਕਦੀ ਇਸ ਗੱਲ ਦਾ ਅਹਿਸਾਸ ਨਹੀਂ ਸੀ ਹੋਇਆ ਕਿ ਏਧਰਲੇ ਪੱਛਮੀ ਪਹਾੜਾਂ ਉਪਰ ਵੀ ਏਨੀ ਰੌਣਕ ਹੋਵੇਗੀ।

ਗਿਰਨਾਰ ਦੇ ਪਰਬਤ ਨੂੰ ਤਾਂ ਜੈਨੀ ਲਕ ਵਿਸ਼ਵ ਵਿਚ ਸਭ ਤੋਂ ਵਧ ਪਵਿਤਰ ਧਾਮ ਮੰਨਦੇ ਨੇ। ਹਿੰਦੂ, ਬੋਧੀ ਅਤੇ ਜੈਨੀ ਤੀਰਥ ਸਥਾਨ ਵੀ ਇਥੇ ਬੜੇ ਨੇ। ਨਰ ਸਿੰਘ ਮਹਿਤਾ ਮਹਾ ਕਵੀ ਵੀ ਇਸੇ ਸਥਾਨ ਦੀ ਰਚਨਾ ਸੀ।

ਅੰਬਾ ਜੀ ਦੇ ਮੰਦਿਰ ਤੋਂ ਪੰਜ ਕਿ. ਮੀ. ਪਛਮ ਉਤਰ ਵਲ ਗੱਬਰ ਨਾਂ ਦੇ ਪਹਾੜ ਵਿਚੋਂ ਅੰਬਾ ਜੀ ਦਾ ਆਉਂਣਾ ਮੰਨਿਆ ਜਾਂਦਾ ਹੈ। ਲੋਕ ਕਹਿੰਦੇ ਨੇ 'ਹਾਲੇ ਵੀ ਸਭ ਤੋਂ ਉਚੀ ਟੀਸੀ ਉਪਰ ਮਾਤਾ ਵਿਰਾਜਮਾਨ ਹੈ। ਮੰਦਿਰ ਤੋਂ ਪੰਜ ਕਿ. ਮੀ. ਪੂਰਬ-ਉਤਰ ਵਲ ਉਦੰਬਰ ਜੰਗਲ ਹੈ, ਜਿਥੇ ਕਿ ਕੋਟੀਸ਼ਵਰ ਮਹਾਦੇਵ ਦਾ ਮੰਦਿਰ ਹੈ।

ਭਗਵਾਨ ਕਿਥੇ-ਕਿਥੇ ਵਸਿਆ ਹੋਇਆ ਹੈ!

ਪਰ ਹੁਣ ਤਾਂ ਅਸੀਂ ਉਸਨੂੰ ਕੇਵਲ ਚਾਰ ਦੀਵਾਰੀ ਅੰਦਰ ਹੀ ਕੈਦ ਕਰ ਦਿਤਾ ਹੈ। ਪਤਾ ਨਹੀਂ ਉਹ ਸਾਡੀ ਕੈਦ ਵਿਚ ਖੁਸ਼ ਹੈ ਕਿ ਉਦਾਸ! ਪਰ ਇਸ ਕੈਦ ਨੇ ਸਾਡੇ ਮਨ ਵਿਚ ਉਦਾਸੀ ਜ਼ਰੂਰ ਭਰ ਦਿਤੀ ਹੈ।

ਕੋਟੀਸ਼ਵਰ ਮਹਾਦੇਵ ਦੇ ਮੰਦਿਰ ਤੋਂ ਉਪਰੋਂ, ਚੜ੍ਹਾਈ ਵਾਲੇ ਪਾਸਿਉਂ ਸਰਸਵਤੀ ਨਦੀ ਦਾ ਜਨਮ ਹੁੰਦਾ ਹੈ।

ਮੈਂ ਖੁਦ ਆਪਣੀਆਂ ਅੱਖਾਂ ਨਾਲ ਸਰਸਵਤੀ ਦੇ ਸੋਮੇ ਨੂੰ ਵੇਖਿਆ। ਸਰਸਵਤੀ ਦਾ ਸੋਮਾ ਇਕ ਛੋਟੇ ਜਿਹੇ ਝਰਨੇ ਵਿਚੋਂ ਫੁਟ ਰਿਹਾ ਸੀ; ਸਾਫ ਅਤੇ ਸੁੰਦਰ ਪਾਣੀ। ਕਲ-ਕਲ ਕਰਕੇ ਬਾਹਰ ਫੁਟ ਰਿਹਾ। ਕੇਦਾਰ ਨਾਥ ਅਤੇ ਬਦਰੀ ਨਾਥ ਵਲ ਜਾਂਦਿਆਂ ਜਿਹੜੀ ਸਰਸਵਤੀ ਵਗਦੀ ਹੈ, ਉਸ ਦੀ ਗੂੰਜ ਦੂਰ ਦੂਰ ਤਕ ਫੈਲ ਕੇ ਵਾਤਾਵਰਣ 'ਚ ਅਜੀਬ ਤਰ੍ਹਾਂ ਦਾ ਮੋਹਕ ਨਾਦ ਭਰ ਦਿੰਦੀ ਹੈ, ਪਰ ਇਥੇ ਸਰਸਵਤੀ ਦਾ ਪਾਣੀ ਬੜਾ ਸ਼ਾਂਤ ਸੀ।

ਮੈਂ ਸੋਚਿਆ, ਕਿ ਮੈਂ ਸਰਸਵਤੀ ਦੀ ਪਵਿਤਰ ਧਾਰ

Sri Satguru Jagjit Singh Ji Elibrary NamdhariElibrary@gmail.com

ਦੇ ਨਾਲ-ਨਾਲ ਚਲਾਂਗਾ, ਤੇ ਵੇਖਾਂਗਾ ਕਿ ਇਹ ਕਿਵੇਂ ਅਲੋਪ ਹੋ ਜਾਂਦੀ ਹੈ।

ਸਰਸਵਤੀ ਦੀ ਉਸ ਧਾਰ ਨੂੰ ਵੇਖਕੇ ਇਕ ਪਲ ਲਈ ਤਾਂ ਮੇਰਾ ਇਹ ਵਹਿਮ ਹੀ ਮਿਟ ਗਿਆ ਕਿ ਕਦੀ ਉਹ ਅਲੋਪ ਵੀ ਹੋਈ ਸੀ।

ਕਹਿੰਦੇ ਨੇ ਕਿ ਨਰ ਅਤੇ ਨਾਰਾਇਣ ਦੇ ਰੂਪ ਵਿਚ ਜਦੋਂ ਅਰਜੁਨ ਅਤੇ ਕ੍ਰਿਸ਼ਨ ਨੇ ਭਗਵਾਨ ਦੀ ਭਗਤੀ ਕੀਤੀ ਤਾਂ ਉਨ੍ਹਾਂ ਦੇ ਨਾਲ ਸਰਸਵਤੀ ਵੀ ਸੀ। ਕਰੂਕਸ਼ੇਤਰ ਦੇ ਯੁਧ ਵੇਲੇ ਵੀ ਉਹ ਭਗਵਾਨ ਦੇ ਨਾਲ ਸੀ, ਅਤੇ ਹੋਰ ਥਾਵਾਂ ਤੇ ਵੀ —

ਪਰ ਉਹ ਸਾਨੂੰ ਕਿਉਂ ਨਹੀਂ ਖੁਲ੍ਹੇ ਦਰਸ਼ਨ ਦਿੰਦੀ। ਸਰਸਵਤੀ ਦੇ ਤੱਟ ਉਪਰ ਸਿੱਧ ਪੁਰ ਨਾਂ ਦਾ ਬੜਾ ਪ੍ਰਸਿੱਧ ਤੀਰਥ ਹੈ। ਇਸ ਨੂੰ ਲੋਕ ਮਾਤਰੀ ਗਯਾ ਦੇ ਨਾਂ ਨਾਲ ਵੀ ਚੇਤੇ ਕਰਦੇ ਨੇ। ਦੇਸ਼ ਭਰ ਦੇ ਭਗਤ ਲੋਕ ਦੂਰੋਂ ੨ ਚਲ ਕੇ ਸਿੱਧਪੁਰ ਪੁਜਦੇ ਨੇ।

ਗੁਜਰਾਤ ਦੇ ਕੇਂਦਰੀ ਹਿੱਸੇ ਨੂੰ ਸੋਰਠ ਵੀ ਕਿਹਾ ਜਾਂਦਾ ਰਿਹਾ ਹੈ। ਇਸ ਖੇਤਰ ਦੀ ਰੌਣਕ ਅਤੇ ਚਹਿਲ ਪਹਿਲ ਨੇ, ਲੋਕਾਂ ਦੀ ਸੰਗੀਤਕ ਸੂਝ ਅਤੇ ਸੁਰੀਲੀ ਅਵਾਜ਼ ਨੇ ਹੀ ਰਾਗ ਸੋਰਠ ਦੀ ਰਚਨਾ ਕੀਤੀ ਲਗਦੀ ਹੈ। ਹੋ ਸਕਦਾ ਹੈ ਕਿ ਸਰਸਵਤੀ ਦਾ ਵਰਦਾਨ ਵੀ ਸਿਦਕਵਾਨ ਲੋਕਾਂ ਨੂੰ ਮਾਂ ਦੀ ਠੰਡੀ ਛਾਂ ਵਾਂਗ ਹੀ ਪ੍ਰਾਪਤ ਹੋ ਜਾਂਦਾ ਹੋਵੇ।

ਸਿਧਪੁਰ ਤੋਂ ਅਗੇ ਜਦੋਂ ਅਸੀਂ ਪਾਟਣ ਵੀ ਲੰਘ ਗਏ ਤਾਂ ਕੱਛ ਦਾ ਰਣ ਸ਼ੁਰੂ ਹੋ ਚੁਕਾ ਸੀ। ਰੇਤੀਲੀ ਹਨੇਰੀ ਸ਼ੁਰੂ ਹੋ ਗਈ। ਅਤੇ ਸਰਸਵਤੀ ਨਦੀ ਦੀ ਧਾਰ ਮੇਰੀਆਂ ਅੱਖਾਂ ਤੋਂ ਲਾਂਭੇ ਹੁੰਦੀ ਜਾ ਰਹੀ ਸੀ। ਮੈਂ ਬੜਾ ਯਤਨ ਕੀਤਾ ਕਿ ਸਰਸਵਤੀ ਨੂੰ ਕਿਸੇ ਵੀ ਹਾਲਤ 'ਚ ਕੱਛ ਦੇ ਰਣ ਵਿਚ ਨਹੀਂ ਗੁਆਚਣ ਦਿਆਂਗਾ।

ਜਿਸ ਮਾਤਾ ਨੇ ਜ਼ਿੰਦਗੀ ਭਰ ਸਾਡੇ ਸਿਰ ਤੇ ਠੰਡੀ ਛਾਂ ਵਾਂਗ ਫੈਲਾਓ ਕਰੀ ਰਖਿਆ, ਅਜ ਨਹੀ ਰਹੀ, ਜਿਸ ਕਰਕੇ ਸਰਸਵਤੀ ਦੇ ਨਿਘ ਅਤੇ ਮਮਤਾ ਦੀ ਪਹਿਲਾਂ ਨਾਲੋਂ ਵੀ ਵਧੇਰੇ ਸ਼ਿਦੱਤ ਨਾਲ ਤਲਾਸ਼ ਕਰ ਰਿਹਾ ਸਾਂ।

ਰੇਤਲੀ ਹਨੇਰੀ ਵਿਚ ਸ਼ਾਇਦ ਮੈਂ ਰਾਹ ਭੁਲ ਗਿਆ ਸਾਂ। ਪਤਾ ਨਹੀਂ ਕਿਵੇਂ, ਦਵਾਰਕਾ ਦੇ ਪ੍ਰਵੇਸ਼ ਦਵਾਰ ਕੋਲ ਖਲੋਤਾ ਭਗਵਾਨ ਕ੍ਰਿਸ਼ਣ ਨੂੰ ਨਮਸਕਾਰ ਕਰ ਰਿਹਾ ਸਾਂ।

ਦਵਾਰਕਾ ਧੀਸ਼ ਰਣ ਛੋੜ ਰਾਏ ਜੀ ਦੇ ਮੰਦਰ ਤੋਂ ਇਲਾਵਾ ਉਸ ਦੀਆਂ ਅੱਠ ਪਟਰਾਣੀਆਂ ਦੇ ਮੰਦਿਰ ਵੀ ਦਵਾਰਕਾ ਵਿਚ ਹੀ ਨੇ। ਮੇਰਾ ਖਿਆਲ ਸੀ ਕਿ ਵਗ ਰਹੀ ਨਦੀ ਦੀ ਧਾਰ ਸਰਸਵਤੀ ਹੀ ਹੋਵੇਗੀ, ਪਰ ਨਹੀਂ ਉਹ ਗੋਮਤੀ ਸੀ।

ਕਹਿੰਦੇ ਨੇ ਕਿ ਭਗਵਾਨ ਕ੍ਰਿਸ਼ਨ ਦੇ ਪੋਤਰੇ ਵਜਰਨਾਥ ਨੇ ਵਿਸ਼ਵਕਰਮਾ ਪ੍ਰਭੂ ਦੀ ਸਹਾਇਤਾ ਨਾਲ ਇਸ ਮੰਦਿਰ ਦੀ ਰਚਨਾ ਕੀਤੀ ਸੀ। ਸੱਤ ਮੰਜ਼ਿਲਾ ਮੰਦਿਰ ੪੨ ਫੁਟ ਉਚਾ ਹੈ ਅਤੇ ਉਸ ਅੰਦਰ ਭਗਵਾਨ ਦੀ ਚਾਰ ਭੁਜਾਵਾਂ ਵਾਲੀ ਇਕ ਮੀਟਰ ਉੱਚੀ ਮੂਰਤੀ ਹਰ ਪਾਸੇ ਮੁਸਕਣੀ ਖਲੇਰ ਰਹੀ ਹੈ।

ਕ੍ਰਿਸ਼ਣ ਦਾ ਪ੍ਰਭਾਵ ਦੇਸ਼ ਦੇ ਕਿਸ ਹਿਸੇ ਵਿਚ ਨਹੀਂ? ਗਰਬੇ ਬਾਰੇ ਵੀ ਪ੍ਰਸਿਧ ਹੈ ਕਿ ਭਗਵਾਣ ਕ੍ਰਿਸ਼ਣ ਦੀ ਪੋਤ-ਨੂੰਹ ਊਸ਼ਾ ਨੇ ਹੀ ਸਭ ਤੋਂ ਪਹਿਲਾਂ ਗਰਬੇ ਦੇ ਨ੍ਰਿਤ ਨੂੰ ਲੋਕ ਪ੍ਰਿਯ ਕੀਤਾ ਸੀ।

ਗਰਬੇ 'ਚ ਔਰਤਾਂ ਘੜੇ 'ਚ ਜਿਹੜਾ ਦੀਪਕ ਰਖਕੇ ਨਚਦੀਆਂ ਨੇ, ਉਹ ਜ਼ਿੰਦਗੀ ਦੇ ਆਰੰਭ ਅਤੇ ਪ੍ਰਕਾਸ਼ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਊਸ਼ਾ ਦਾ ਪ੍ਰਕਾਸ਼ ਇਕ ਤਰ੍ਹਾਂ ਨਾਲ ਹਾਲੇ ਵੀ ਗਰਬੇ ਦੇ ਰੂਪ ਵਿਚ ਲੋਕਾਂ 'ਚ ਫੈਲਿਆ ਹੋਇਆ ਹੈ।

ਜਦੋਂ ਔਰਤਾਂ ਗਰਬਾ ਗਾਉਂਦੀਆਂ ਨੇ ਤਾਂ ਉਸ ਨ੍ਰਿਤ ਦੀ ਥਿਰਕਣ ਨਾਲ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਊਸ਼ਾ ਦੇ ਪ੍ਰਭਾਵ ਨਾਲ ਉਨ੍ਹਾਂ ਦੇ ਰੰਗ ਰੂਪ ਵਿਚ ਵੀ ਕੋਈ ਦੇਵੀ ਪ੍ਰਭਾਵ ਪੈਦਾ ਹੋ ਗਿਆ ਹੋਵੇ।

ਜਿਸ ਤਰ੍ਹਾਂ ਊਸ਼ਾ ਨੇ ਭਗਵਾਨ ਕ੍ਰਿਸ਼ਨ ਨੂੰ ਜਾਣਿਆ, ਉਸ ਤਰ੍ਹਾਂ ਅਸੀਂ ਤਾਂ ਉਨ੍ਹਾਂ ਨੂੰ ਨਾ ਜਾਣ ਸਕਾਂਗੇ, ਪਰ ਜਿਸ ਤਰਾਂ ਅਸੀਂ ਉਨ੍ਹਾਂ ਦੇ ਵਿਰਾਟ ਰੂਪ ਵਿਚ ਭਾਰਤ ਦੀ ਆਤਮਾ ਦੇ ਦਰਸ਼ਨ ਕਰ ਸਕੇ ਹਾਂ, ਉਹ ਵੀ ਇਕ ਰਬੀ ਨਿਆਮਤ ਹੀ ਹੈ।

ਸਰਸਵਤੀ ਵੀ ਤਾਂ ਕੁਦਰਤ ਦੀਆਂ ਬਰਕਤਾਂ ਵਿਚੋਂ ਹੀ ਇਕ ਵਰਦਾਨ ਸੀ। ਪਰ,

ਪਰ ਸਰਸਵਤੀ ਦੇ ਦਰਸ਼ਨ ਫੇਰ ਕਿਤੇ ਨਾ ਹੋਏ।

Sri Satguru Jagjit Singh Ji Elibrary NamdhariElibrary@gmail.com

ਮੇਰੀ ਪਰੇਸ਼ਾਨੀ ਨੂੰ ਮਹਿਸੂਸ ਕਰਕੇ ਇਕ ਭਲੇ ਵਿਅਕਤੀ ਨੇ ਕਿਹਾ : ਤੁਸੀਂ ਇਸ ਤਰ੍ਹਾਂ ਕਰੋ। ਸੋਮ ਨਾਥ ਚਲੇ ਜਾਵੋ।'

'ਪਰ ਕਿਵੇਂ ?'

'ਪਛਮ ਰੇਲਵੇ ਦੇ ਅਹਿਮਦਾਬਾਦ ਜੰਕਸ਼ਨ ਤੋਂ ਸੋਮ ਨਾਥ ਮੇਲ ਵੇਰਾਵਲ ਤਕ ਜਾਂਦੀ ਹੈ। ਉਥੋਂ ਤਿੰਨ ਮੀਲ ਦੂਰ ਹੈ ਸੋਮ ਨਾਥ ਪਾਟਣ।'

'ਮੈਂ ਤਾਂ ਉਸੇ ਪਾਸਿਉਂ ਹੀ ਆਇਆ ਹਾਂ।'

'ਫੇਰ ਉਧਰ ਹੀ ਜਾਵੋ, ਪ੍ਰਭਾਸ ਦੇ ਖੇਤਰ ਵਿਚ...'

ਪ੍ਰਭਾਸ ਤਾਂ ਬੜੀ ਛੋਟੀ ਜਿਹੀ ਥਾਂ ਹੈ...'

'ਪਰ ਉਹ ਗੁਣਾਂ ਕਰਕੇ ਛੋਟੀ ਨਹੀਂ ਹੈ...'

ਜਦੋਂ ਮੈਂ ਪ੍ਰਭਾਸੇ ਵਲ ਜਾ ਰਿਹਾ ਸਾਂ, ਤਾਂ ਮੈਨੂੰ ਭਾਈ ਗੁਰਦਾਸ ਦੀ ਵਾਰ ਵਿਚੋਂ ਇਕ ਬੰਦ ਚੇਤੇ ਆ ਰਿਹਾ ਸੀ :

ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ।
ਚਰਣ ਕਮਲ ਵਿਚ ਪਦਮੁ ਹੈ ਝਿਲਮਿਲ ਝਲਕੈ ਵਾਂਗੀ ਤਾਰੇ।
ਬਧਿਕ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।
ਦਰਸਨ ਡਿਠਸੁ ਜਾਇ ਕੈ ਕਰਣ ਪਲਾਵ ਕਰੇ ਪੁਕਾਰੇ।
ਗਲਿ ਵਿਚਿ ਲੀਤਾ ਕ੍ਰਿਸ਼ਨ ਜੀ ਅਵਗੁਣ ਕੀਤੇ ਹਰਿ ਨ ਚਿਤਾਰੇ
ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।
ਭਲੇ ਭਲੇ ਕਰ ਮੰਨੀਅਨਿ ਬੁਰਿਆਂ ਦੇ ਹਰੀ ਕਾਜ ਸਵਾਰੇ।
ਪਾਪ ਕਰੇਂਦੇ ਪਤਿਤ ਉਧਾਰੇ।

ਭਾਈ ਗੁਰਦਾਸ ਹਿੰਦੀ, ਸੰਸਕ੍ਰਿਤ ਅਤੇ ਪੰਜਾਬੀ ਦਾ ਬੜਾ ਵੱਡਾ ਵਿਦਵਾਨ ਅਤੇ ਵਾਰਕਾਰ ਸੀ। ਭਾਰਤੀ ਜੀਵਨ ਅਤੇ ਸੰਸਕ੍ਰਿਤੀ ਬਾਰੇ ਜਿੰਨੀ ਗਹਿਰਾਈ ਨਾਲ ਉਸ ਨੇ ਲਿਖਿਆ ਹੈ, ਮੱਧਕਾਲ ਦੇ ਹੋਰ ਕਿਸੇ ਕਵੀ ਨੇ ਨਹੀਂ।

... ...

ਸੋਮ ਨਾਥ ਦੇ ਮੰਦਰ ਵਿਚ ਜਿਉਤਿਰਲਿੰਗ ਦਾ ਪ੍ਰਕਾਸ਼ ਹੈ, ਜਿਸ ਨੂੰ ਤਬਾਹ ਕਰਨ ਲਈ ਵਿਦੇਸ਼ੀ ਜਾਬਰਾਂ ਨੇ ਵਾਰ ਵਾਰ ਜਤਨ ਕੀਤੇ ਪਰ ਇਸ ਦੀ ਹਸਤੀ ਮਿਟ ਨਾ ਸਕੀ।

ਚੰਦਰਮਾ ਨੇ ਇਥੇ ਹੀ ਇਸ ਜਿਉਤਿਰਲਿੰਗ ਦੀ ਵਿਸ਼ੇਸ਼ ਉਪਾਸਨਾ ਕੀਤੀ ਸੀ, ਜਿਸ ਕਰਕੇ ਇਹ ਸਥਾਨ ਸੋਮ ਨਾਥ ਹੋ ਗਿਆ।

ਮੈਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਕਿ ਮੇਰੀ ਸਾਰੀ ਹੀ ਭਟਕਣ, ਤ੍ਰਿਸ਼ਣਾ ਅਤੇ ਵੈਰ-ਭਾਵ ਦੀ ਭਾਵਨਾ ਮਿਟ ਗਈ ਹੋਵੇ, ਅਤੇ ਮੈਂ ਵੀ ਚੰਦਰਮਾ ਦੀ ਇਕ ਰਿਸ਼ਮ ਹੀ ਬਣ ਗਿਆ ਹੋਵਾਂ। ਇਕ ਰਿਸ਼ਮ ਬਣ ਕੇ ਵਿਸ਼ਵ ਭਰ ਵਿਚ ਫੈਲ ਜਾਣ 'ਚ ਕਿੰਨਾ ਸੁਖ ਹੈ।

ਸੋਮ ਨਾਥ ਦੇ ਖੇਤਰ ਵਿਚ ਮੈਨੂੰ ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਕਿ ਕਿਸੇ ਨਾਲ ਨਫਰਤ ਕੀਤੀ ਹੀ ਨਹੀਂ ਜਾ ਸਕਦੀ।

ਧਾੜਵੀ ਇਥੇ ਕਿਸ ਭਾਵਨਾ ਨਾਲ ਆਏ ਹੋਣਗੇ ? ਹੋ ਸਕਦੈ, ਉਨ੍ਹਾਂ ਨੇ ਆਪਣੀ ਭੁਖ ਨੂੰ ਮਿਟਾਣ ਲਈ ਹੀ ਭਗਵਾਨ ਦੇ ਘਰ ਸਾਹਮਣੇ ਧਰਨਾ ਮਾਰਿਆ ਹੋਵੇ। ਲੁਟ ਹੋਣ ਵਿਚ ਭਗਵਾਨ ਦੀ ਵੀ ਤਾਂ ਰਜ਼ਾ ਸ਼ਾਮਿਲ ਹੋਵੇਗੀ।

ਸੋਮਨਾਥ ਨੇ ਸਭਨਾਂ ਜਾਬਰਾਂ ਨੂੰ ਮਾਫ ਕਰ ਦਿਤਾ। ਜਿਵੇਂ ਕਿ ਕ੍ਰਿਸ਼ਨ ਨੇ ਸ਼ਿਕਾਰੀ ਨੂੰ ਖਿਮਾ ਦਾਨ ਦੇ ਦਿਤਾ।

ਅਸੀ, ਲੋਕਾਂ ਨੂੰ ਸਭ ਕੁਝ ਦੇ ਸਕਦੇ ਹਾਂ, ਪਰ ਖਿਮਾ ਨਹੀਂ।

ਤੀਰਥ ਧਾਮ ਵਿਚ ਪ੍ਰਵੇਸ਼ ਤੋਂ ਪਹਿਲਾਂ ਅਸਾਂ ਸਮੁੰਦਰ ਦੇ ਖ਼ਾਰੇ ਪਾਣੀ ਨਾਲ ਸਰੀਰ ਨੂੰ ਸਾਫ ਕੀਤਾ ਤੇ ਫੇਰ ਮੰਦਿਰ ਦੇ ਦਰਸ਼ਨ।

ਇਥੇ ਦੋ ਕੁੰਡ ਵੀ ਨੇ —ਆਦਿ ਪ੍ਰਭਾਸ ਅਤੇ ਜਲ ਪ੍ਰਭਾਸ !

ਬਸ ਉਥੇ ਹੀ ਸੀ ਉਹੁ ਪਿੱਪਲ ਦਾ ਬ੍ਰਿਛ ਜਿਸ ਨੂੰ ਮੋਕਸ਼ ਪ੍ਰਦ ਵੀ ਕਹਿੰਦੇ ਨੇ। ਇਥੇ ਹੀ ਭਗਵਾਨ ਕ੍ਰਿਸ਼ਣ ਧਿਆਨ ਮਗਨ ਸਨ, ਜਦੋਂ ਕਿ ਸ਼ਿਕਾਰੀ ਨੇ ਦੂਰੋਂ ਤੀਰ ਮਾਰਿਆ ਸੀ। ਇਸ ਸਥਾਨ ਨੂੰ ਦੇਹੋਤਸਰਗ ਵੀ ਕਿਹਾ ਜਾਂਦਾ ਹੈ !

ਜਦੋਂ ਵੀ ਮੈਂ ਭਾਈ ਗੁਰਦਾਸ ਦਾ ਬੰਦ ਪੜਦਾ ਹਾਂ ਤਾਂ ਪ੍ਰਭਾਸ਼ਾ ਮੇਰੀਆਂ ਅੱਖਾਂ ਸਾਹਮਣੇ ਸਾਕਾਰ ਹੋ ਜਾਂਦਾ ਹੈ।

ਪਰ ਸਰਸਵਤੀ ਕਿਥੇ ਸੀ

'ਜਿਥੇ ਤ੍ਰਿਵੇਣੀ ਸੰਗਮ ਹੈ, ਬਸ ਉਥੇ ਹੀ ਹਿਰਣਿਆ,
ਕਪਿਲਾ ਤੇ ਸਰਸਵਤੀ ਦਾ ਸੰਗਮ ਹੁੰਦਾ ਹੈ।'

ਮੈਂ ਸੰਗਮ ਵਲ ਦੌੜਿਆ, ਪਰ — ?

ਮੇਰੇ ਮਨ ਦੀ ਤ੍ਰਿਪਤੀ ਨਾ ਹੋਈ।

'ਤੁਸੀਂ ਸਰਸਵਤੀ ਬਾਰੇ ......?' ਪਤਾ ਨਹੀ ਕਿਨੇ ਕਿਹਾ।

'ਹਾਂ' ਚਿਹਰੇ ਤੇ ਲਿਸ਼ਕ ਆ ਗਈ।

'ਉਹ ਇਥੇ ਪ੍ਰਾਚੀ ਸਰਸਵਤੀ ਦੇ ਨਾਂ ਨਾਲ ਪ੍ਰਸਿੱਧ ਹੈ।'

ਅਤੇ ਸ੍ਰੀ ਕ੍ਰਿਸ਼ਣ ਦੇ ਦੇਹੋਤਸਰਗ ਸਮੇਂ ਪ੍ਰਗਟ ਹੋਈ ਸੀ।

'ਫੇਰ। ਮੈਂ ਕਾਹਲੀ ਨਾਲ ਪੁਛਿਆ। ਪਰ, ਗੱਲ ਕਰਨ ਵਾਲਾ ਹੁਣ ਪਤਾ ਨਹੀਂ ਕਿੱਥੇ ਚਲਾ ਗਿਆ ਸੀ।

Sri Satguru Jagjit Singh Ji Elibrary NamdhariElibrary@gmail.com

ਅਤ੍ਰਿ

ਅਤ੍ਰਿ ਰਿਸ਼ੀ ਦਾ ਆਸ਼ਰਮ ਦੰਡਕ ਵਨ ਵਿਚ ਸੀ ਅਤੇ ਬਨਵਾਸ ਨੂੰ ਜਾਂਦੇ ਹੋਏ ਰਾਮ, ਲਛਮਣ ਤੇ ਸੀਤਾ ਜੀ, ਚਿਤਰਕੂਟ ਤੋਂ ਪੰਚਵਟੀ ਦੇ ਰਾਹ 'ਚ ਇਨ੍ਹਾਂ ਕੋਲ ਠਹਿਰੇ ਸਨ। ਅਤ੍ਰਿ ਰਿਸ਼ੀ ਦੀ ਪਿਆਰੀ ਪਤਨੀ ਅਨੁਸੂਆ ਨੇ ਸੀਤਾ ਜੀ ਨੂੰ ਕਈ ਤਰ੍ਹਾਂ ਦੇ ਉਪਦੇਸ਼ ਦਿਤੇ ਸਨ। ਅਤੇ ਕਈ ਇਨ੍ਹਾਂ ਦੇ ਲੇਪ ਵੀ ਦਿਤੇ ਸਨ ਜਿਨ੍ਹਾਂ ਨੂੰ ਸਰੀਰ ਤੇ ਮਲਣ ਨਾਲ ਜੰਗਲੀ ਹਵਾ ਵਿਚ ਸੀਤਾ ਜੀ ਦਾ ਕੋਮਲ ਸਰੀਰ ਕੁਮਲਾ ਨਹੀਂ ਸੀ ਸਕਦਾ।

ਅਤ੍ਰਿ ਰਿਸ਼ੀ ਨੂੰ ਬ੍ਰਹਮਾ ਜੀ ਦਾ ਪੁਤਰ ਕਿਹਾ ਜਾਂਦਾ ਹੈ ਕਿਉਂਕਿ ਉਸ ਦਾ ਜਨਮ ਬ੍ਰਹਮਾ ਜੀ ਦੀਆਂ ਅੱਖਾਂ ਵਿਚੋਂ ਹੋਇਆ ਸੀ। ਅਤ੍ਰਿ ਰਿਸ਼ੀ ਨੂੰ ਬਹੁਤ ਜਪ ਤਪ ਵਾਲਾ ਸਮਝਿਆ ਜਾਂਦਾ ਹੈ ਅਤੇ ਰਿਗ ਵੇਦ ਵਿਚ ਉਨ੍ਹਾਂ ਦੀ ਕਾਫੀ ਸਾਰੀ ਰਚਨਾ ਸੰਕਲਿਤ ਹੈ। ਖਾਸ ਕਰਕੇ ਅਗਨੀ, ਇੰਦਰ, ਅਸ਼ਵਿਨ ਅਤੇ ਕਈ ਹੋਰ ਵਿਸ਼ਿਆਂ ਬਾਰੇ ਰਚੀਆਂ ਹੋਈਆਂ ਅਤ੍ਰਿ ਰਿਸ਼ੀ ਦੀਆਂ ਰਚਨਾਵਾਂ ਬਹੁਤ ਪ੍ਰਸਿਧ ਹਨ।

ਦੁਰਵਾਸਾ ਰਿਸ਼ੀ ਅੰਤ੍ਰਿ ਰਿਸ਼ੀ ਦਾ ਹੀ ਪੁਤਰ ਸੀ ਅਤੇ ਸੋਮ ਅਰਥਾਤ ਚੰਦਰਮਾਂ ਵੀ ਇਨ੍ਹਾਂ ਦਾ ਹੀ ਪੁੱਤਰ ਸੀ, ਜਿਸ ਦਾ ਜਨਮ ਅਤ੍ਰਿ ਰਿਸ਼ੀ ਦੀਆਂ ਅੱਖਾਂ ਵਿਚੋਂ ਹੋਇਆ ਮੰਨਿਆ ਜਾਂਦਾ ਹੈ।

ਜਿਸ ਵੇਲੇ ਭੀਸ਼ਮ ਪਿਤਾਮਾ ਤੀਰਾਂ ਦੀ ਸੇਜ ਤੇ ਪਏ ਅੰਤਿਮ ਪਲ ਗਿਣ ਰਹੇ ਸਨ ਤਾਂ ਅਤ੍ਰਿ ਰਿਸ਼ੀ ਜੀ ਉਨ੍ਹਾਂ ਨੂੰ ਮਿਲਣ ਲਈ ਗਏ ਸਨ।

ਅਤ੍ਰਿ ਨਾਂ ਦਾ ਇਕ ਤਾਰਾ ਵੀ ਹੈ ਜਿਸ ਨੂੰ ਕਿ ਅਤ੍ਰਿ ਰਿਸ਼ੀ ਦਾ ਹੀ ਰੂਪ ਸਮਝਿਆ ਜਾਂਦਾ ਹੈ।

ਅਤ੍ਰਿ ਰਿਸ਼ੀ ਅਤੇ ਉਨ੍ਹਾਂ ਦੀ ਪਤਨੀ ਅਨੁ ਸੂਆ ਦੀ ਉਮਰ ਬੜੀ ਲੰਮੀ ਸੀ ਅਤੇ ਉਨ੍ਹਾਂ ਨੇ ਕਈ ਯੁਗਾਂ ਦੇ ਵਡੇ ਮਹਾ ਪੁਰਸ਼ਾਂ ਨਾਲ ਵਿਚਾਰ ਚਰਚਾ ਕੀਤੀ ਸੀ। ਪਰ ਇਨ੍ਹਾਂ ਦੇ ਜੀਵਨ ਦੀ ਸਭ ਤੋਂ ਵਧ ਮਹਤਵ ਪੂਰਣ ਘਟਨਾ ਉਹੋ ਹੀ ਹੈ ਜਦੋਂ ਕਿ ਅਯੁਧਿਆਂ ਦੇ ਰਾਜ ਕੁਮਾਰ ਰਾਮ ਅਤੇ ਸੀਤਾ ਤੇ ਲਛਮਣ ਇਨ੍ਹਾਂ ਦੇ ਮਹਿਮਾਨ ਰਹੇ ਸਨ।

ਦੁਰਵਾਸਾ ਅਤੇ ਸੋਮ ਦਾ ਪਿਤਾ ਹੋਣ ਕਰਕੇ ਵੀ ਅਤ੍ਰਿ ਰਿਸ਼ੀ ਦਾ ਨਾਂ ਪ੍ਰਸਿਧ ਹੈ ਪਰ ਇਸ ਤੋਂ ਵੀ ਵਧ ਵੱਡੀ ਗੱਲ ਇਹ ਹੈ ਕਿ ਅਤ੍ਰਿ ਨੂੰ ਇਕ ਪ੍ਰਤਾਪੀ ਰਿਸ਼ੀ ਸਮਝਿਆ ਜ ਦਾ ਹੈ ਅਤੇ ਉਸ ਦਾ ਨਾਂ ਦਸ ਪ੍ਰਜਾਪਤੀਆਂ ਵਿਚ ਗਿਣਿਆ ਜਾਂਦਾ ਹੈ।

ਅਤ੍ਰਿ ਰਿਸ਼ੀ ਦੀ ਪਤਨੀ ਅਨੁਸੂਆ ਵੀ ਆਪਣੇ ਪਤੀ ਦੇ ਜਪ ਤਪ ਭਰੇ ਜੀਵਨ ਵਿਚ ਪੂਰੀ ਤਰ੍ਹਾਂ ਭਾਗੀਦਾਰ ਸੀ ਅਤੇ ਉਸ ਦੀ ਆਪਣੀ ਵੀ ਬੜੀ ਸਾਧਨਾ ਸੀ। ਜਿਸ ਵੇਲੇ ਰਾਮ ਚੰਦਰ ਜੀ ਉਨ੍ਹਾਂ ਦੇ ਆਸ਼ਰਮ ਵਿਚ ਆਏ, ਤਾਂ ਉਨ੍ਹਾਂ ਨੇ ਅਨੁਸੂਆ ਬਾਰੇ ਉਨ੍ਹਾਂ ਨੂੰ ਕਿਹਾ ਸੀ।

ਜਿਸ ਵੇਲੇ ਧਰਤੀ ਤੇ ਹਰ ਪਾਸੇ ਔੜ ਲੱਗ ਗਈ ਸੀ ਤਾਂ ਇਸ ਨੇ ਹਜਾਰਾਂ ਵਰ੍ਹਿਆਂ ਤਕ ਇਕੋ ਪੈਰ ਦੇ ਸਹਾਰੇ ਖਲੋ ਕੇ ਤਪੱਸਿਆ ਕੀਤੀ ਸੀ। ਅਤੇ ਆਪਣੇ ਜਪ ਤਪ ਨਾਲ ਗੰਗਾ ਨੂੰ ਇਹ ਆਦੇਸ਼ ਦਿਤਾ ਸੀ ਕਿ ਉਹ ਇਸ ਧਰਤੀ ਤੇ ਆ ਕੇ ਵਗੇ ਤਾਂ ਕਿ ਲੋਕ ਸੁਖੀ ਹੋ ਜਾਣ ਗੰਗਾ ਨੂੰ ਇਸੇ ਤਰ੍ਹਾਂ ਹੀ ਕਰਨਾ ਪਿਆ ਜਿਸ ਕਰਕੇ ਗੰਗਾ ਦੇ ਇਕ ਰੂਪ ਮੰਦਾਕਿਨੀ ਦਾ ਇਸ ਖੇਤਰ ਦੀ ਧਰਤੀ ਤੇ ਜਨਮ ਹੋਇਆ ਸੀ। ਉਸ ਦੇ ਪਾਣੀ ਨਾਲ ਆਮ ਲੋਕ ਤੇ ਸੰਤ ਮਹਾਤਮਾ ਸੁਖੀ ਵਸਣ ਲਗ ਪਏ ਸਨ।'

ਜਿਸ ਤਰ੍ਹਾਂ ਦੀ ਮੁਹੱਬਤ ਅੰਤ੍ਰਿ ਰਿਸ਼ੀ ਅਤੇ ਉਨ੍ਹਾਂ ਦੀ ਪਤਨੀ ਅਨੁਸੂਆ ਵਿਚ ਸੀ ਉਸ ਨੂੰ ਇਕ ਆਦਰਸ਼ ਪਿਆਰ ਕਿਹਾ ਜਾ ਸਕਦਾ ਹੈ। ਦੰਡਕਵਨ ਵਿਚ ਜਿਹੜੀ ਪਵਿੱਤਰ ਪਾਣੀ ਦੀ ਨਦੀ ਮੰਦਾਕਿਨੀ ਵਗ ਰਹੀ ਹੈ ਉਹ ਵੀ ਅਨੁਸੂਆ ਅਤੇ ਅਤ੍ਰਿ ਰਿਸ਼ੀ ਦੀ ਮੁਹੱਬਤ ਦੀ ਹੀ ਨਿਸ਼ਾਨੀ ਹੈ, ਜੋ ਕਿ ਸਦੀਆਂ ਤਕ ਸਾਨੂੰ ਸੁਖ ਪ੍ਰਦਾਨ ਕਰਦੀ ਰਹੇਗੀ। ●

—ਸੰਕਲਨ ਕਰਤਾ ਜ. ਸ. ਵਿਰਦੀ

Sri Satguru Jagjit Singh Ji Elibrary NamdhariElibrary@gmail.com

ਪੰਡਤ ਰਮਾਂ ਕਾਂਤ

– ਜਗਦੀਸ਼ ਸਿੰਘ

ਪੰਡਤ ਰਮਾਂ ਕਾਂਤ ਪੰਜਾਬ ਦੇ ਪ੍ਰਸਿਧ ਤਬਲਾ ਕਲਾਕਾਰ ਹਨ। ਕੋਈ ਸ਼ਾਸਤਰੀ ਸੰਗੀਤ ਸੰਮੇਲਨ ਹੋਵੇ ਕੋਈ ਕਾਲਜਾਂ ਦਾ ਯੂਥ ਫੈਸਟੀਵਲ ਹੋਵੇ ਜਾਂ ਕੋਈ ਹੋਰ ਵਿਸ਼ੇਸ਼ ਸੰਗੀਤ ਪ੍ਰੋਗਰਾਮ ਹੋਵੇ ਇਹਨਾਂ ਦੀ ਸ਼ਮੂਲੀਅਤ ਜ਼ਰੂਰੀ ਹੈ। ਵਿਦੇਸ਼ ਵੀ ਜਾ ਆਏ ਹਨ। ਤਬਲਾ ਸ਼ਿਖਸ਼ਨ ਦੇ ਮਾਮਲੇ ਵਿਚ ਵੀ ਇਹਨਾਂ ਦੀ ਪ੍ਰਤਿਭਾ ਦੂਰ ੨ ਤੱਕ ਫੈਲੀ ਹੋਈ ਹੈ। ਕਨਿਆਂ ਮਹਾਂ ਵਿਦਿਆਲਾ ਜਲੰਧਰ, ਰਾਜੇਸ਼ਵਰੀ ਕਲਾ ਸੰਗਮ ਜਲੰਧਰ ਅਤੇ ਭੈਣੀ ਸਾਹਿਬ ਵਰਗੀਆਂ ਸੰਸਥਾਵਾਂ ਵਿਚ ਸੇਵਾ ਕਰ ਰਹੇ ਹਨ।

ਇਸ ਤਰਾਂ, ਇਕੋ ਵਕਤ ਇਕ ਪ੍ਰੌੜ ਕਲਾਕਾਰ ਵਲੋਂ ਤੇ ਨਿਪੁੰਨ ਅਧਿਆਪਕ ਵਲੋਂ ਸਥਾਪਤ ਹਨ। ਗਲ ਬਾਤ ਵਿਚ ਮਿਠਤਾ ਮਿਲਨਸਾਰੀ ਵਿਚ ਭਰਭੂਰ ਨਿਘ। ਗੋਰਾ ਰੰਗ ਵਧੀਆ ਕੱਦ ਕਾਠ, ਉਜਲਾ ਲਿਬਾਸ ਸ਼ਖਸੀਅਤ ਦੀ ਵਿਲਖਣਤਾ ਹਨ। ਸੁਭਾਅ ਵਿਚ ਨਿਰਮਾਨਤਾ ਸਾਤਵਿਕਤਾ, ਨਿਰਸੁਆਰਥ ਸੇਵਾ ਭਾਵਨਾ ਜਿਹੇ ਦੈਵੀ ਗੁਣ। ਵਧੀਆ ਕਲਾਕਾਰੀ, ਵਧੀਆ ਅਧਿਆਪਨ ਅਤੇ ਬੋਲਚਾਲ ਦਾ ਸਪਸ਼ਟ ਤੇ ਪਿਆਰਾ ਢੰਗ। ਸੰਜਮ, ਸੰਤੁਸ਼ਟਤਾ, ਸਵੱਛਤਾ ਮੇਹਨਤ ਅਤੇ ਹੋਰ ਬਹੁਤ ਸਾਰੀਆਂ ਸਿਫਤਾਂ ਦੇ ਧਾਰਨੀ ਰਮਾਂ ਕਾਂਤ ਜੀ ਨਾਲ ਹੋਈਆਂ ਕੁਝ ਗਲਾਂ ਬਾਤਾਂ ਨੂੰ ਇਥੇ ਦਰਜ ਕਰ ਰਹੇ ਹਾਂ।

ਪੰਡਤ ਰਮਾਂ ਕਾਂਤ

? ਪੰਡਤ ਜੀ ਤੁਹਾਡਾ ਪਰਿਵਾਰ ਸਮੁਚਾ ਹੀ ਇਕ ਸੰਗੀਤ ਕਲਾਕਾਰ ਪਰਿਵਾਰ ਵਜੋਂ ਪ੍ਰਸਿਧ ਹੈ ਜੋ ਕਿ ਪੰਜਾਬ ਵਾਸਤੇ ਬੜੇ ਮਾਨ ਵਾਲੀ ਗਲ ਹੈ। ਤੁਸੀਂ ਆਪ ਵੀ ਤਬਲੇ ਦੇ ਲੋਕ ਪ੍ਰਿਯ ਕਲਾਕਾਰ ਹੋ ਤੁਹਾਡੇ ਨਾਲ ਕੁਝ ਗਲਾਂ ਬਾਤਾਂ ਕਰਨੀਆਂ ਹਨ। ਇਸ ਤੋਂ ਪਹਿਲਾਂ ਕਿ ਅਗੇ ਤੁਰੀਏ ਤੁਸੀਂ ਮੁਢਲੀਆਂ ਗੱਲਾਂ ਜਿਵੇਂ ਮਾਤਾ, ਪਿਤਾ, ਜਨਮ, ਜਨਮ ਸਥਾਨ ਬਾਰੇ ਨਾਂ ਥਾਂ ਦੱਸ ਦਿਓ।

Sri Satguru Jagjit Singh Ji Elibrary NamdhariElibrary@gmail.com

ਪਿਤਾ ਜੀ : ਪੰਡਤ ਕੁੰਜ ਲਾਲ ਸੰਗੀਤਾਚਾਰਯ,
ਮਾਤਾ : ਸ੍ਰੀਮਤੀ ਜਾਨਕੀ ਦੇਵੀ
ਜਨਮ ਸਥਾਨ : ਨੂਰ ਮਹਿਲ
ਜਨਮ ਤਿਥੀ : ੧੩ - ੯ - ੧੯੪੨
ਅਸੀਂ ਚਾਰ ਭਰਾਂ ਤੇ ਪੰਜ ਭੈਣਾਂ ਹਾਂ।

? ਸੰਗੀਤ ਦਾ ਅੰਕੁਰ ਤੁਹਾਡੇ ਪਰਿਵਾਰ ਵਿਚ ਕਦੋਂ ਪ੍ਰਗਟਿਆ ਅਤੇ ਕਿਵੇਂ ਪਰਫੁਲਤ ਹੋਇਆ।

—ਦਾਦਾ ਜੀ ਪੰਡਤ ਗੁਰੂ ਪ੍ਰਸਾਦਿ ਜੀ ਤੋਂ ਅੰਕੁਰ ਫੁਟਿਆ, ਉਹ ਧਰੁਪਦ ਧਮਾਰ ਗਾਉ ਦੇ ਸਨ ਸ਼ੌਕੀਆ ਹੀ। ਪਿਤਾ ਜੀ ਨੂੰ ਇਹ ਸ਼ੌਕ ਵਿਰਸੇ ਵਿਚ ਮਿਲਿਆ ਪਰ ਦਾਦਾ ਜੀ ਇਹ ਨਹੀਂ ਸਨ ਚਾਹੁੰਦੇ ਕਿ ਪਿਤਾ ਜੀ ਮੁਸਲਮਾਨ ਉਸਤਾਦਾਂ ਪਾਸੋਂ ਸਿਖਣ। ਇਸ ਵਾਸਤੇ ਪਿਤਾ ਜੀ ਚੋਰੀ ਸੰਗੀਤ ਸਿਖਣ ਜਾਂਦੇ। ਨੂਰ ਮਹਿਲ ਹੀ ਉਸਤਾਦ ਮੀਆਂ ਰਸ ਰੰਗ ਹੋਰਾਂ ਕੋਲ ਵੋਕਲ (ਗਾਣਾ) ਸਿਖਣ ਜਾਂਦੇ। ਕੁਝ ਸਮੇਂ ਬਾਅਦ ਸਿਖਣ ਦੀ ਲਗਣ ਕਾਰਨ ਨੂਰ ਮਹਿਲ ਤੋਂ ਦਿੱਲੀ ਪੈਦਲ ਗਏ। ਉਥੇ ਪਹਿਲਾਂ ਉਸਾਦ ਬੰਦੂ ਖਾਂ ਸਾਹਿਬ ਕੋਲ ਗਏ। ਕੁਝ ਸਮਾਂ ਗੋਸਆਮੀ ਭਗਵਤ ਕ੍ਰਿਸ਼ੋਰ ਜੀ ਕੋਲ ਰਹੇ। ਫਿਰ ਪਤਾ ਲਗਾ ਕਿ ਲਾਹੌਰ ਵਿਚ ਪੰਡਤ ਵਿਸ਼ਨੂ ਦਗੰਬਰ ਜੀ ਨੇ ਸੰਗੀਤ ਦਾ ਵਿਦਿਆਲਾ ਖੋਲ੍ਹਿਆ ਹੈ, 'ਗੰਧਰਭ ਮਹਾਂ ਵਿਦਿਆਲਾ', ਉਸ ਦੇ ਪ੍ਰਿੰਸੀਪਲ ਹਨ ਪੰਡਤ ਉਂਕਾਰ ਨਾਥ ਠਾਕੁਰ। ਇਸ ਤੇ ਦਿਲੀਓਂ ਲਾਹੌਰ ਆ ਕੇ ਪੰਡਤ ਜੀ ਪਾਸੋਂ ਸੰਗੀਤ ਸਿਖਦੇ ਰਹੇ ਫਿਰ ਆਜ਼ਾਦੀ ਦੀ ਲਹਿਰ ਵਿਚ ਕੁਦ ਪਏ। ਉਹਨਾਂ ਨੂੰ ਪੰਡਤ ਓਂਕਾਰ ਨਾਥ ਜੀ ਨੇ ਹੁਕਮ ਕੀਤਾ ਸੀ ਕਿ ਸਾਰਿਆਂ ਬਚਿਆਂ ਨੂੰ ਸੰਗੀਤ ਸਿਖਾਉਣਾ ਹੈ। ਇਸ ਤਰ੍ਹਾਂ ਸਾਡਾ ਸਾਰਾ ਪਰਿਵਾਰ ਹੀ ਸੰਗੀਤ ਖੇਤਰ ਵਿਚ ਜੁਟ ਗਿਆ।

? ਤੁਹਾਡੇ ਭੈਣ ਭਰਾ ਅਜ ਕਲ......

—ਅੱਜ ਕਲ ਵਡੇ ਭਾਈ ਸਾਹਿਬ ਮਨੋਹਰ ਲਾਲ ਜੀ ਬਹੁਤ ਚੰਗੇ ਗਾਇਕ ਹਨ ਅਤੇ ਗੌਰਮੈਂਟ ਕਾਲਜ ਮਲੇਰ-ਕੋਟਲਾਂ ਵਿਚ ਕੰਠ ਸੰਗੀਤ ਦੇ ਅਧਿਆਪਕ ਹਨ। ਉਦੋਂ ਛਟੇ ਕ੍ਰਿਸ਼ਨ ਕਾਂਤ ਜੀ ਗੌ: ਕਾਲਜ ਫਰੀਦ ਕੋਟ ਵਿਚ ਹਨ। ਸਾਡੇ ਚੋਂ ਸਭ ਤੋਂ ਛੋਟਾ ਨਾਰਵੇ ਗਿਆ ਹੈ, ਵਾਇਲਨ ਆਰਟਿਸਟ ਹੈ। ਸਭ ਤੋਂ ਵਡੇ ਭੈਣ ਜੀ ਸ੍ਰੀਮਤੀ ਸ਼ਾਰਦਾ ਭਾਰਦਵਾਜ ਜੀ ਹੈਨ। ਉਹਨਾਂ ਤੋਂ ਹੀ ਪੰਜਾਬ ਵਿਚ ਲੜਕੀਆਂ ਵਿਚ ਮਿਊਜ਼ਕ ਸ਼ੁਰੂ ਹੋਇਆ। ਹਰਬਲਭ ਵਿਚ ਵੀ ਉਹਨਾਂ ਤੋਂ ਹੀ ਲੜਕੀਆਂ ਦੇ ਗਾਣੇ ਦੀ ਸ਼ੁਰੂਆਤ ਹੋਈ। ਅਮ੍ਰਿਤਸਰ, ਚੰਡੀਗੜ੍ਹ ਸੰਗੀਤ ਸਿਖਾਉਣ ਦੇ ਕਾਰਣ ਬਾਅਦ ਅਜ ਕਲ ਗੁੜਗਾਉਂ ਵਿਚ ਸੰਗੀਤ ਅਧਿਆਪਕ ਹਨ। ਭੈਣਾਂ ਚੋਂ : ਕਰੁਨਾ ਭਾਰਦਵਾਜ ਗੌ: ਕਾਲਜ ਰੋਹਤਕ ਵਿਚ ਸੰਗੀਤ ਵਿਭਾਗ ਦੇ ਮੁਖੀ ਹਨ।

ਰਮਾ ਭਨੋਟ, ਮਹਿੰਦਰ ਗੜ ਕਾਲਜ ਵਿਚ ਸੰਗੀਤ ਵਿਭਾਗ ਦੇ ਮੁਖੀ ਹਨ।

ਅਰੁਣਾ, ਨੂਰ ਮਹਿਲ ਕਾਲਜ ਵਿਚ ਸੰਗੀਤ ਲੈਕਚਰਾਰ ਹਨ।

ਸੁਤੰਤਰ ਨੇ ਰੋਹਤਕ ਵਿਚ ਵੱਡੀ ਭੈਣ ਕਰੁਣਾ ਕੋਲ ਐਮ ਮਿਊਜ਼ਕ ਕਰ ਲਈ ਹੈ ਵਿਦਿਆਰਥਨ ਹੈ।

? ਇਵੇਂ ਤਾਂ ਤੁਹਾਡਾ ਆਪਣਾ ਹੀ ਘਰਾਨਾ ਸਥਾਪਤ ਨਹੀਂ ਹੋ ਗਿਆ।

–ਜਦੋਂ ਬਚਪਣ ਵਿਚ ਪਿਤਾ ਜੀ ਨਾਲ ਅਸੀਂ ਸਾਰੇ ਭਰਾ ਪ੍ਰੋਗਰਾਮ ਤੇ ਜਾਂਦੇ ਸਾਂ ਨਾਲ ਭੈਣਾਂ ਵੀ ਹੋਣਾਂ ਤਾਂ ਲੋਕ ਕਹਿੰਦੇ ਹੁੰਦੇ ਸਨ ਨੂਰ ਮਹਿਲ ਘਰਾਨਾ ਆ ਗਿਆ ਹੈ।

? ਤੁਸਾਂ ਜ਼ਿਕਰ ਕੀਤਾ ਹੈ ਤੁਹਡੇ ਪਿਤਾ ਜੀ ਆਜ਼ਾਦੀ ਲਹਿਰ ਵਿਚ ਕੁਦ ਪਏ। ਉਹਨਾਂ ਦੇ ਇਸ ਰੋਲ ਬਾਰੇ ਚਾਨਣਾ ਪਾਓ, ਕੀ ਕੋਈ ਤਾਮਰ ਪਤਰ ਆਦਿਕ...?

—ਇਸ ਜ਼ੋਨ ਵਿਚ ਸਾਡੇ ਪਿਤਾ ਜੀ ਮਾਸਟਰ ਮੋਤਾ ਸਿੰਘ ਦੇ ਪਾਏ ਦੇ ਅਗੂ ਸਨ ਅਤੇ ਇਲਾਕੇ ਵਿਚ ਬਹੁਤ ਸਤਿਕਾਰ ਰਿਹਾ ਹੈ। ਤਾਮਰ ਪਤਰ ਵਾਸਤੇ ਉਹਨਾਂ ਕੋਈ ਕਾਗਜ਼ ਹੀ ਨਹੀ ਸਨ ਭੇਜੇ। ਉਹਨਾਂ ਕਿਹਾ ਅਸੀਂ ਜ਼ਾਤੀ ਫਾਇਦੇ ਲਈ ਨਹੀਂ ਕੁਝ ਕੀਤਾ। ਮੁਲਕ ਲਈ ਸਭ ਕੁਝ ਕੀਤਾ ਹੈ। ਸਾਡੇ ਇਲਾਕੇ ਵਿਚੋਂ ਹਰ ਪਾਰਟੀ ਦੇ ਲੋਗ ਉਹਨਾਂ ਦੀ ਕਦਰ ਕਰਦੇ ਸਨ। ਜਦੋਂ ਸ: ਬਲਵੰਤ ਸਿੰਘ ਅਕਾਲੀ ਟਿਕਟ ਤੇ ਕਾਮਯਾਬ ਹੋਏ ਤਾਂ ਉਹ ਵੀ ਪਿਤਾ ਜੀ ਤੋਂ ਆਸ਼ੀਰਵਾਦ ਲੈਣ ਗਏ ਭਾਵੇਂ ਪਿਤਾ ਜੀ ਕਾਂਗਰਸੀ ਸਨ। ਆਪ ਪਾਖੰਡ ਦੇ ਸਖਤ ਵਿਰੋਧੀ ਸਨ ਤੇ ਇਸੇ ਖਾਤਰ ਹੀ ਅੜ ਜਾਂਦੇ ਸਨ ਫਰਜ਼ ਦੀ ਖਾਤਰ ਲੜਦੇ ਪਰ ਵਿਵਹਾਰ ਵਿਚ 'ਦੁਸ਼ਮਨ' ਨੂੰ ਪੁਤਰ ਦੀ ਤਰ੍ਹਾਂ ਕਰਕੇ ਜਾਣਦੇ।

? ਜਦੋਂ ਉਹ ਸਿਆਸਤ ਵਿਚ ਪੈ ਗਏ ਤਾਂ ਸੰਗੀਤ ਅਭਿਆਸ ਤਾਂ ਖਤਮ ਹੋ ਗਿਆ ਹੋਵੇਗਾ।

—ਨਹੀਂ ਉਹ ਕਿਸੇ ਨਾ ਕਿਸੇ ਤਰ੍ਹਾਂ ਉਹਨਾਂ ਜਾਰੀ ਰਖਿਆ ਉਹਨਾ ਆਪਣੀ ਇਸ ਕਲਾ ਨੂੰ ਦੇਸ਼ ਕੌਮ ਦੇ ਲੇਖੇ ਲਾ ਦਿਤਾ ਉਹਨਾਂ ਜਲਸਿਆਂ ਤੇ ਦੂਜੀਆਂ ਸਾਰਵਜਨਕ ਥਾਵਾਂ

Sri Satguru Jagjit Singh Ji Elibrary NamdhariElibrary@gmail.com

ਤੇ ਜਾਣਾ, ਬੰਦੇ ਮਾਤਰਮ ਅਤੇ ਹੋਰ ਦੇਸ਼ ਪਿਆਰ ਦੇ ਗੀਤ ਗਾਣੇ। ਉਨ੍ਹਾਂ ਦਾ ਜਲੰਧਰ ਜੇਲ੍ਹ ਦਾ ਸਾਥੀ ਇੱਕ ਪਠਾਨ ਸੀ ਜਿਸਦਾ ਹੱਥ ਵਡਿਆ ਹੋਇਆ ਸੀ ਉਸ ਨੂੰ ਮੂੰਹ ਨਾਲ ਤਬਲੇ ਦਾ ਠੇਕਾ ਲਾਉਣ ਦਾ ਸ਼ੌਕ ਸੀ ਅਤੇ ਮੁਹਾਰਤ ਸੀ। ਉਸਨੇ ਠੇਕਾ ਲਾਉਣਾ ਅਤੇ ਪਿਤਾ ਜੀ ਨੇ ਗਾ ਕੇ, ਐਸਾ ਰੰਗ ਬਨਣਾ ਕਿ ਕਿ ਸਾਰੀ ਜੇਲ੍ਹ ਗੂੰਜਾ ਦੇਣੀ।

? ਆਜ਼ਾਦੀ ਬਾਅਦ ਉਹਨਾਂ ਦੀ ਸਿਆਸਤ ਰੰਗ ਲਿਆਈ ਹੋਵੇਗੀ ?

— ਭਾਵੇਂ ਉਹ ਕੁਝ ਚਿਰ ਨੂਰ ਮਹਲ ਕਾਂਗਰਸ ਦੇ ਪ੍ਰਧਾਨ ਵੀ ਰਹੇ ਪਰ ਉਹਨਾਂ ਸਿਆਸਤ ਨੂੰ ਆਧਾਰ ਨਹੀਂ ਬਣਾਇਆਂ ਉਹਨਾਂ ਦਾ ਭਾਵ ਦੇਸ ਸੇਵਾ ਹੀ ਸੀ। ਹੁਣ ਉਨ੍ਹਾਂ ਸੰਗੀਤ ਸਿਖਿੱਆ ਦੇਣ ਨੂੰ ਆਪਣਾ ਮਕਸਦ ਬਣਾਇਆ ਅਤੇ ਘਰ ਵਿਚ ਬਗ਼ੈਰ ਫੀਸ ਤੋਂ ਗਾਣਾ ਸਿਖਾਉਣਾ ਸ਼ੁਰੂ ਕਰ ਦਿਤਾ।

? ਤੁਸੀਂ ਤਬਲੇ ਵੱਲ ਹੀ ਰੁਚਤ ਕਿਉਂ ਹੋਏ ?

—ਘਰ ਦੇ ਬਾਕੀ ਜੀਅ ਗਾਉਂਦੇ ਵਜਾਉਂਦੇ ਸਨ। ਪਿਤਾ ਦੀ ਖਾਹਸ਼ ਸੀ ਕਿ ਇਕ ਤਬਲਾ ਵਾਦਕ ਵੀ ਬਣੇ।

? ਤਬਲਾ ਸਿਖਣਾ ਕਦੋਂ ਸ਼ੁਰੂ ਕੀਤਾ ਅਤੇ ਰਿਆਜ਼ ਕਿਵੇਂ ਕੀਤਾ।

—ਪੰਜ ਛੇ ਸਾਲ ਦੀ ਉਮਰ ਵਿੱਚ ਹੀ ਤਬਲੇ ਦੀ ਸਿਖਲਾਈ ਪਿਤਾ ਜੀ ਪਾਸੋਂ ਹੀ ਆਰੰਭ ਕੀਤੀ। ਉਹ ਤਬਲੇ ਦੇ ਮਾਹਰ ਤਾਂ ਨਹੀਂ ਸਨ ਪਰ ਲਗਨ ਅਤੇ ਸ਼ੌਕ ਨਾਲ ਸਿਖਾਉਂਦੇ ਸਨ। ਹਫਤੇ ਬਾਅਦ ਹੀ ਝੱਪ ਤਾਲ ਦਾ ਠੇਕਾ ਲਾਉਣਾ ਸ਼ੁਰੂ ਕਰ ਦਿਤਾ। ਵਡੇ ਭਾਈ ਗਾਉਂਦੇ ਸਨ ਮੈਂ ਸੰਗਤ ਕਰਨੀ।

ਸਵੇਰੇ, ਦੁਪਹਿਰ, ਸ਼ਾਮ ਤਿੰਨ ਵਕਤ ਬਠਾਉਂਦੇ ਸਨ। ਪਿਤਾ ਜੀ ਨੂੰ ਸ਼ੌਕ ਸੀ ਪੜ੍ਹਨ ਨਾਲੋਂ ਸੰਗੀਤ ਅਭਿਆਸ ਵਲ ਜ਼ਿਆਦਾ ਮਹੱਤਤਾ ਦਿਵਾਂਦੇ ਸਨ। ਪਖਾਵਜ ਪਿਤਾ ਜੀ ਕੋਲੋਂ ਹੀ ਸਿਖਿਆ। ਬਾਹਰੋਂ ਪਿਤਾ ਜੀ ਸੈਰ ਕਰ ਕੇ ਆਉਂਦੇ ਤਾਂ ਨਵਾਂ ਬੋਲ ਸਿਖਾਉਂਦੇ। ਉਹ ਬੋਲਾਂ ਨੂੰ ਵੀ ਦੇਸ਼ ਭਗਤੀ ਦੀ ਪੁਠ ਚਾੜ੍ਹਕੇ ਸਿਖਾਉਂਦੇ।

? ਉਸ ਵੇਲੇ ਦਾ ਕੋਈ ਦੇਸ਼ ਭਗਤਕ ਤਬਲੇ ਦਾ ਬੋਲ ?



ਪੰਡਤ ਰਮਾਂ ਕਾਂਤ

—ਬਚਪਨ ਵਿਚ ਹੀ ਇਕ ਬੋਲ ਯਾਦ ਕਰਾਇਆ ਸੀ।

ਸ੍ਰੀ ਮਾਨ ਜੀ ਧਾ ਤ੍ਰਿ ਕਿਟ ਤਕ ਧਿਨ ਤ੍ਰਿ ਕਿਟ ਤਕ ਤ੍ਰਿਕਟ ਤਿਨ ਤਾ ਤਕੜਾ—ਨ ਧਾ ਜੈ ਹਿੰਦ

ਧਾ ਤ੍ਰਿ ਕਿਟ ਤਕ ਧਿਨ......

... ... ਜੈ ਹਿੰਦ

ਧਾ ਤ੍ਰਿ ਕਿਟ ਤਕ ਧਿਨ......

... ... ਜੈ ਹਿੰਦ

? ਮੁਢਲੀ ਸਿਖਿਆ ਤਾਂ ਤੁਸਾਂ ਪਿਤਾ ਜੀ ਕੋਲੋਂ ਲਈ ਪਰ ਬਾਕਾਇਦਾ ਕਿਹੜੇ ਗੁਰੂ ਕੋਲੋਂ ਤਬਲਾ ਸਿਖਿਆ।

—ਪੰਜਾਬ ਦੇ ਮਹਾਨ ਗਾਇਕ ਪੰਡਤ ਦਲੀਪ ਚੰਦਰ ਬੇਦੀ, ਪ੍ਰਸਿਧ ਤਬਲਾ ਵਾਦਕ ਬਹਾਦਰ ਸਿੰਘ ਅਤੇ ਪਿਤਾ ਜੀ ਇਕਠੇ ਲਾਹੌਰ ਰਹਿੰਦੇ

Sri Satguru Jagjit Singh Ji Elibrary NamdhariElibrary@gmail.com

ਰਹੇ। ਪਿਤਾ ਜੀ ਦਾ ਉਦੋਂ ਦਾ ਹੀ ਇਰਾਦਾ ਸੀ ਕਿ ਜੇ ਲੜਕਾ ਤਬਲਾ ਸਿਖੇ ਤਾਂ ਸ. ਬਹਾਦਰ ਸਿੰਘ ਪਾਸੋਂ ਹੀ ਸਿਖਾਇਆ ਜਾਵੇ। ਜਦੋਂ ਮੈਂ ਐਫ. ਏ. ਵਿਚੋਂ ਫੇਲ੍ਹ ਹੋ ਗਿਆ ਤਾਂ ਪਿਤਾ ਜੀ ਬਹੁਤ ਖੁਸ਼ ਹੋਏ ਜਦ ਕਿ ਮਾਤਾ ਜੀ ਜਿਹੜੇ ਅਗੇ ਪੜ੍ਹਾਉਣਾ ਚਾਹੁੰਦੇ ਸਨ ਅਫਸੋਸ ਜ਼ਦਾ ਹੋ ਗਏ।

ਪਿਤਾ ਜੀ ਨੇ ਇਸ ਮੌਕੇ ਨੂੰ ਵਰਦਾਨ ਸਮਝਿਆ ਅਤੇ ਉਸਤਾਦ ਬਹਾਦਰ ਸਿੰਘ ਜੀ ਕੋਲ ਆਪ ਲੈ ਕੇ ਗਏ ਅਤੇ ਬਾਕਾਇਦਾ ਉਸਤਾਦੀ ਸ਼ਾਗਿਰਦੀ ਦੀ ਰਸਮ ਕਰ ਕੇ ਸ਼ਾਗਿਰਦ ਬਣਾਇਆ। ਪਿਤਾ ਜੀ ਸਰਦਾਰ ਜੀ ਦੀ ਦੋਸਤਾਂ ਵਾਂਗ ਨਹੀਂ ਬਲਕਿ ਉਸਤਾਦਾਂ ਵਾਂਗ ਇਜ਼ਤ ਕਰਦੇ ਸਨ। ਕਈਆਂ ਦਾ ਖਿਆਲ ਸੀ ਕਿ ਹੋਰ ਉਸਤਾਦਾਂ ਤੋਂ ਤਬਲਾ ਸਿਖਾਇਆ ਜਾਵੇ ਪਰ ਪਿਤਾ ਜੀ ਉਸਤਾਦ ਬਹਾਦਰ ਸਿੰਘ ਜੀ ਦੇ ਬੜੇ ਮਦਾਹ ਸਨ। ਛੇ ਸਾਲ ਬਾਕਾਇਦਾ ਉਨ੍ਹਾਂ ਪਾਸੋਂ ਤਬਲਾ ਸਿਖਿਆ ਤਦ ਉਸਤਾਦ ਜੀ ਦਾ ਦੇਹਾਂਤ ਹੋ ਗਿਆ। ਸਿਖਿਆ ਦਾ ਸਮਾਂ ਸੋਲਾਂ ਸਾਲ ਹੀ ਰਿਹਾ।

? ਸਟੇਜ ਤੇ ਪ੍ਰੋਗਰਾਮ ਕਦੋਂ ਤੋਂ ਦੇਣਾ ਸ਼ੁਰੂ ਕੀਤਾ।

— ਬਚਪਨ ਵਿਚ ਅਠ ਨੌ ਸਾਲ ਦੀ ਉਮਰ ਵਿਚ ਹੀ ਹਰਬਲਬ ਤੇ ਤਬਲੇ ਦੀ ਸੋਲੋ ਆਈਟਮ ਦਿਤੀ ਸੀ।

? ਮਤਲਬ ਉਦੋਂ ਤੋਂ ਹੀ ਹਬਲਬ ਤੇ ਆਉਂਦੇ ਰਹੇ ਹੋ ਕਦੀ ਮਿਸ ਨਹੀਂ ਕੀਤਾ ?

—ਪੰਜ ਛੇ ਸਾਲ ਹੀ ਨਹੀਂ ਆਏ ਬਾਹਰ ਜਾਣ ਕਰਕੇ। ਫਿਰ ਦੁਬਾਰਾ ਜਲੰਧਰ ਆ ਕੇ ਸ. ਅਫ਼ਰ ਸਿੰਘ, ਸ੍ਰੀ ਜਗਨ ਨਾਥ ਪਰਤੀ ਜੀ ਅਤੇ ਡਾ. ਸ਼ੰਕਰ ਲਾਲ ਮਿਸ਼ਰਾ ਦੇ ਉਤਸਾਹ ਨਾਲ ਸ਼ੁਰੂ ਕੀਤਾ ਤਾਂ ਅੱਜ ਤਕ ਹਰ ਸਾਲ ਸੋਲੋ ਜਾਂ ਸਾਥ ਜਾ ਦੋਨੋ ਹੀ ਤਰ੍ਹਾਂ ਤਬਲਾ ਵਜਾਉਂਦਾ ਆ ਰਿਹਾ ਹਾਂ।

? ਆਪਣੇ ਉਸਤਾਦ ਜੀ ਤੋਂ ਇਲਾਵਾ ਜ਼ਿੰਦਗੀ ਵਿਚ ਹੋਰ ਕਿਸ ਨੇ ਤੁਹਾਨੂੰ ਪ੍ਰਭਾਵਤ ਕੀਤਾ ਅਤੇ ਕਿਓਂ।

—ਪੰਜਾਬ ਦੇ ਉਸਤਾਦ ਕਲਾਕਾਰ ਜਨਾਬ ਅਲਾ ਰਖਾ ਸਾਹਿਬ ਨੇ ਪੰਜਾਬ ਦੇ ਖਾਸ ਅੰਗ, ਕੈਦੇ ਪਲਟੇ ਦੀ ਬੜਤ ਵਿਕਟ ਵਿਕਟ ਤਿਹਾਈਆਂ ਅਤੇ ਰੂਹ-ਦਾਰੀ ਕਾਰਨ ਪ੍ਰਭਾਵਿਤ ਕੀਤਾ।

? ਕਦੇ ਉਸਤਾਦ ਅੱਲਾ ਰੱਖਾ ਸਾਹਮਣੇ ਵਜਾਇਆ ਹੈ ?

—ਕਦੀ ਸਾਹਮਣੇ ਵਜਾਇਆ ਨਹੀਂ। ਆਕਾਸ਼ਵਾਣੀ ਜਲੰਧਰ ਦੇ ਸੁਰਿੰਦਰ ਕੁਮਾਰ ਦਤਾ ਪੰਜਾਬ ਦੇ ਪ੍ਰਸਿਧ ਸਤਾਰ ਵਾਦਕ ਹਨ ਜਿਨਾਂ ਦਾ ਮੈਨੂੰ ਹਰ ਵਕਤ ਸਹਿਯੋਗ ਰਿਹਾ। ਉਨਾਂ ਇਕ ਵਾਰ ਮੇਰੇ ਬਾਰੇ ਪੰਡਤ ਰਵੀ ਸ਼ੰਕਰ ਨਾਲ ਜ਼ਿਕਰ ਕੀਤਾ ਤਾਂ ਉਸ ਵੇਲੇ ਉਸਤਾਦ ਅੱਲਾ ਰੱਖਾ ਨੇ ਕਿਹਾ ਸੀ ਇਹ ਬਹਾਦਰ ਸਿੰਘ ਦਾ ਸ਼ਾਗਿਰਦ ਹੈ ਚੰਗਾ ਹੀ ਹੋਵੇਗਾ। ਉਂਝ ਉਹਨਾਂ ਸਾਹਮਣੇ ਵਜਾਇਆ ਕਦੇ ਨਹੀਂ ਪਰ ਉਹਨਾਂ ਦੇ ਸਪੁਤਰ ਜ਼ਾਕਰ ਹੁਸੈਨ ਨਾਲ ਕਾਫ਼ੀ ਮੇਲ ਮੁਲਾਕਾਤ ਹੈ।

ਤਬਲੇ ਦਾ ਤੁਹਾਡਾ ਘਰਾਨਾ ?

— ਪੰਜਾਬ। ਉਸਤਾਦ ਜੀ ਭਾਈ ਮਹਿਤਾਬ ਸਿੰਘ ਅੰਮ੍ਰਿਤਸਰ ਤੋਂ ਸਿਖੇ ਸਨ ਫੇਰ ਥੋਹੜੀ ਦੇਰ ਉਸਤਾਦ ਕੁਮਲਾਦੀ ਖਾਂ ਕੋਲੋਂ ਸਿਖੇ ਸਨ।

? ਤੁਹਾਡੀ ਯਾਨੀ ਪੰਜਾਬ ਘਰਾਣੇ ਦੀ ਵਾਦਨ ਸ਼ੈਲੀ ਦੀ ਕੀ ਮਹੱਤਤਾ ਹੈ।

—ਜਿਸ ਕਾਇਦੇ ਨੂੰ ਲੈਣਾ ਤਰਤੀਬ ਨਾਲ ਬੜ੍ਹਤ ਕਰਨੀ। ਇਹ ਗਲ ਅੱਜ ਕਲ ਅਲੋਪ ਹੁੰਦੀ ਜਾ ਰਹੀ ਹੈ। ਉਸਤਾਦ ਜੀ ਨੂੰ ਕਾਇਦੇ ਪਲਟੇ ਦੀ ਬਹੁਤ ਮੁਹਾਰਤ ਸੀ। ਉਹ ਕਹਿਰਵੇ ਦੀ ਲੱਗੀ ਵੀ ਲਾਉਂਦੇ ਸਨ ਤਾਂ ਦਸ ਪੰਦਰਾਂ ਮਿੰਟ ਬੜ੍ਹਤ ਕਰ ਸਕਦੇ ਸਨ। ਉਹਨਾਂ ਦਾ ਬੜ੍ਹਤ ਦਾ ਢੰਗ ਐਸਾ ਅਨੰਦ ਮਈ ਸੀ ਕਿ ਸੁਨਣ ਵਾਲੇ ਨੂੰ ਮਹਿਸੂਸ ਹੁੰਦਾ ਸੀ ਜਿਵੇਂ ਕੋਈ ਕਵਿਤਾ ਪੜ੍ਹ ਰਿਹਾ ਹੋਵੇ ਜਾਂ ਸ਼ਰਧਾ ਨਾਲ ਇਬਾਦਤ ਕਰ ਰਿਹਾ ਹੈ। ਜੇ ਕਹਿ ਲਿਆ ਜਾਵੇ ਕਿ ਇਹ ਸਤੋ ਗੁਣ ਤਬਲਾ ਹੈ ਤਾਂ ਠੀਕ ਹੀ ਹੈ।

? ਕੀ ਤਬਲਾ ਵਾਦਨ ਨੂੰ ਵੀ ਸਤੋ ਗੁਣ ਰਜੋ ਗੁਣ ਤੇ ਤਮੋ ਗੁਣ ਦੇ ਆਧਾਰ ਤੇ ਵਰਗੀਕਰਨ ਕਰ ਸਕਦੇ ਹਾਂ।

— ਹਾਂ ਸਤੋ ਗੁਣ ਤਬਲਾ ਗੁਣੀ ਜਨਾਂ ਸੰਗੀਤ ਵਿਦਵਾਨਾਂ ਅਤੇ ਮਹਾਂ ਪੁਰਸ਼ਾਂ ਦੀ ਸੰਗਤ ਵਿਚ ਵਜਾਇਆ ਜਾਂਦਾ ਹੈ। ਰਜੋ ਗੁਣ ਸਟੇਜ ਤੇ ਪਬਲਿਕ ਸਾਹਮਣੇ ਵਜਾਉਣ ਸਮੇਂ ਅਤੇ ਤਮੋ ਗੁਣ ਫਿਲਮੀ ਸੰਗੀਤ ਵਿਚ ਤੇ ਹੋਰ ਅਜਿਹੇ ਥਾਵਾਂ ਤੇ।

ਸਤੋ ਗੁਣ ਵਾਲਾ ਸਭ ਤਰਾਂ ਕਰ ਸਕਦਾ ਹੈ।

? ਪੰਜਾਬ ਘਰਾਨੇ ਦੀ ਕੋਈ ਹੋਰ ਵਿਸ਼ੇਸ਼ਤਾ ?

Sri Satguru Jagjit Singh Ji Elibrary NamdhariElibrary@gmail.com

— ਜ਼ੋਰਦਾਰ ਘਰਾਨਾ। ਜ਼ੋਰਦਾਰ ਬੋਲਾਂ, ਔਖੇ ਬੋਲਾਂ ਨੂੰ ਸਰਲ ਢੰਗ ਨਾਲ ਵਜਾਉਣਾ। ਪਖਾਵਜ ਦੇ ਹਿਸਾਬ ਨਾਲ ਸਭ ਤੋਂ ਪੁਰਾਣਾ। ਪੰਜਾਬ ਦੇ ਪਖਾਵਜ ਦੇ ਬੋਲ ਹੋਰ ਥਾਂ ਨਹੀਂ ਮਿਲਦੇ। ਪਖਾਵਜ ਦੇ ਬੋਲਾਂ ਨੂੰ ਤਬਲੇ ਤੇ ਵਜਾਉਣ ਕਰਕੇ ਹੀ ਪੰਜਾਬ ਦਾ ਤਬਲਾ ਜ਼ੋਰਦਾਰ ਪ੍ਰਭਾਵ ਰਖਦਾ ਹੈ। ਸਿਖਾਂ ਦੇ ਕੀਰਤਨ ਵਿਚ ਤਾਂ ਪਖਾਵਜ ਹੀ ਵਜਦੀ ਰਹੀ ਹੈ। ਭਾਈ ਮਹਿਤਾਬ ਸਿੰਘ ਪਖਾਵਜ ਦੇ ਮਾਹਰ ਸਨ।

? ਪੰਜਾਬ ਦੇ ਇਕ ਉਘੇ ਕਲਾਕਾਰ ਪਖਾਵਜ ਦੇ ਉਸਤਾਦ ਭਾਈ ਨਸੀਰ ਹੋਏ ਹਨ।

— ਹਾਂ ਉਹ ਦੁਆਬੇ ਦੇ ਸਨ। ਉਹਨਾਂ ਦਾ ਪਖਾਵਜ ਬਚਪਨ ਵਿਚ ਸੁਣਿਆ ਹੈ। ਸਾਡੇ ਘਰ ਵੀ ਆਏ ਸਨ। ਪਖਾਵਜ ਦੇ ਬਹੁਤ ਧਨੀ ਸਨ।

? ਤੁਸੀਂ ਪੰਜਾਬ ਸ਼ੈਲੀ ਨੂੰ ਜ਼ੋਰਦਾਰ ਕਿਹਾ ਹੈ ਬਨਾਰਸ ਵਾਲੇ ਆਪਣੇ ਤਬਲੇ ਨੂੰ ਜ਼ੋਰਦਾਰ ਆਖਦੇ ਹਨ।

—ਸਾਡਾ ਤਬਲਾ ਧਰੁਪਦ ਧਮਾਰ ਗਾਣੇ ਨਾਲ ਵਜਾਉਣ ਵਾਸਤੇ ਸੁਧ ਪਖਾਵਜ ਹੋਣ ਕਰਕੇ ਜ਼ੋਰਦਾਰ ਹੈ ਅਤੇ ਉਹਨਾਂ ਦਾ ਡਾਂਸ ਨਾਲ ਸੰਗਤ ਵਾਸਤੇ ਜ਼ੋਰਦਾਰ ਹੈ। ਇਹ ਇਕ ਦੂਜੇ ਦਾ ਪ੍ਰਭਾਵ ਵੀ ਕਬੂਲਦੇ ਹਨ। ਮੈਨੂੰ ਕਈ ਵਾਰ ਲੋਕਾਂ ਨੇ ਪੁਛਿਆ ਹੈ ਕਿ "ਆਪ ਨੇ ਬਨਾਰਸ ਸੇ ਸੀਖਾ ਹੈ ?"

? ਦੇਸ਼ ਵਿੱਚ ਅੱਜ ਕਲ ਪਹਿਲੀ ਸ਼ਰੇਣੀ ਦੇ ਤਬਲਾ ਵਾਦਕ ਕਿਹੜੇ ਹਨ।

— ਉਸਤਾਦ ਅੱਲਾ ਰੱਖਾ, ਪੰਡਤ ਕਿਸ਼ਨ ਮਹਾਰਾਜ, ਪੰਡਤ ਸਾਮਤਾ ਪ੍ਰਸਾਦ।

? ਪੰਜਾਬ ਘਰਾਣੇ ਵਿਚੋਂ ਤੁਹਾਨੂੰ ਹੋਰ ਕਿਸ ਨੇ ਪ੍ਰਭਾਵਤ ਕੀਤਾ ?

— ਉਸਤਾਦ ਲਛਮਣ ਸਿੰਘ। ਉਹਨਾਂ ਤੋਂ ਸਿਖਿਆ ਤਾਂ ਨਹੀਂ ਪਰ ਪ੍ਰੇਰਣਾ ਜ਼ਰੂਰ ਲੈਂਦਾ ਰਿਹਾ ਹਾਂ।

? ਤੁਸੀਂ ਪਿਛੇ ਜਿਹੇ ਵਿਦੇਸ਼ ਯਾਤਰਾ ਕਰਕੇ ਆਏ ਸੀ ਉਹ ਦੌਰਾ ਕਿਵੇਂ ਰਿਹਾ ? ਤੁਹਾਡੇ ਪ੍ਰਭਾਵ।

—ਮੈਨੂੰ ਨਾਰਵੇ ਦੀ ਇੰਡੀਆ ਸੁਸਾਇਟੀ ਨੇ ਬੁਲਾਇਆ ਸੀ। ਉਥੇ ਸਰੋਦ ਦੇ ਸ਼ਹਿਨਸ਼ਾਹ ਉਸਤਾਦ ਅਮਜਦ ਅਲੀ ਨਾਲ ਸੰਗਤ ਦਾ ਸੁਨਿਹਰਾ ਮੌਕਾ ਮਿਲਿਆ। ਡੈਨਮਾਰਕ ਸਵੀਡਨ ਵਿਚ ਸ੍ਰੀਮਤੀ ਲਕਸ਼ਮੀ ਸ਼ੰਕਰ ਨਾਲ ਸੰਗਤ ਕੀਤੀ।

ਪਛਮੀ ਕਲਾਕਾਰਾਂ ਨਾਲ ਆਰਕੈਸਟਰਾ ਵਿਚ ਵੀ ਵਜਾਇਆ ਹੈ। ਉਥੇ ਹੀ ਦਖਣੀ ਭਾਰਤ ਚੋਂ ਗਏ ਪ੍ਰਸਿਧ ਵਾਇਲਨ ਵਾਦਕ ਡਾਕਟਰ ਐਲ ਸੁਬਰਾਮਨੀਅਮ ਨਾਲ ਤਬਲਾ ਵਜਾਉਣ ਦਾ ਮੌਕਾ ਮਿਲਿਆ ਹੈ। ਉਧਰਲੇ ਲੋਕ ਰਿਦਮ (ਤਾਲ) ਨੂੰ ਜ਼ਿਆਦਾ ਮਹੱਤਤਾ ਦੇਂਦੇ ਹਨ। ਬਾਹਰ ਤਬਲਾ, ਸਾਰੰਗੀ ਸਿਤਾਰ ਦਾ ਬਹੁਤ ਕਰੇਜ਼ ਹੈ।

? ਤੁਸੀਂ ਅੱਜ ਤੱਕ ਕਿਹੜੇ ਕਿਹੜੇ ਕਲਾਕਾਰਾਂ ਨਾਲ ਸੰਗਤ ਕੀਤੀ ਹੈ।

—ਸਾਰੇ ਨਾਮ ਤਾਂ ਗਣੌਣੇ ਔਖੇ ਹਨ। ਯਾਦ ਵੀ ਨਹੀਂ ਕੁਝ ਕੁ ਪ੍ਰਸਿਧ ਕਲਾਕਾਰਾਂ ਦੇ ਇਸ ਵੇਲੇ ਜਿਹੜੇ ਨਾਮ ਯਾਦ ਹਨ ਉਹ ਹਨ:

ਉਸਤਾਦ ਅਮਜਦ ਅਲੀ, ਪੰਡਤ ਭੀਮ ਸੈਨ ਜੋਸ਼ੀ, ਪੰਡਤ ਜੱਸ ਰਾਜ, ਪੰਡਤ ਨਾਰਾਇਣ ਰਾਓ ਵਿਆਸ, ਸ੍ਰੀਮਤੀ ਲਕਸ਼ਮੀ ਸ਼ੰਕਰ, ਉਸਤਾਦ ਮੁਨੱਵਰ ਅਲੀ ਖਾਂ, ਪੰ. ਗੋਪਾਲ ਕ੍ਰਿਸ਼ਨ ਵੀਨਾ ਵਾਦਕ, ਸ੍ਰੀਮਤੀ ਪਰਵੀਨ ਸੁਲਤਾਨਾ, ਸ੍ਰੀਮਤੀ ਸਰਬਜੀਤ ਕੌਰ, ਸ੍ਰੀ ਸੁਰਿੰਦਰ ਕੁਮਾਰ ਦੱਤਾ, ਸ. ਸੋਹਨ ਸਿੰਘ ਜੀ, ਸ. ਵਿਰੇਂਦਰ ਕੁਮਾਰ ਜੀ, ਸਊਥ ਦੇ ਡਾਕਟਰ ਸੁਬਰਾਮਨੀਅਮ।

? ਕੀ ਪ੍ਰੋਗਰਾਮ ਵੇਲੇ ਤੁਹਾਨੂੰ ਇਹ ਇਹਸਾਸ ਤਾਂ ਨਹੀਂ ਹੁੰਦਾ ਕਿ ਤਬਲਾ ਵਾਦਕ ਹੋਣ ਕਰਕੇ ਗਾਇਕ ਵਾਦਕ ਨਾਲੋਂ ਤੁਹਾਡੀ ਘਟ ਕਦਰ ਹੈ ਜਾਂ ਅਸਥਾਨ ਦਾ ਫਰਕ ਹੈ।

— (ਹੱਸ ਕੇ) ਪੇਮੈਂਟ ਵੇਲੇ ਹੁੰਦਾ ਹੈ।

ਅਸੀਂ ਪ੍ਰੋਗਰਾਮ ਵੇਲੇ ਖਿਲਕੁਲ ਹੀਣ ਭਾਵੀ ਨਹੀਂ ਹੁੰਦੇ। ਵਾਲੀਬਾਲ ਵਿਚ ਜੋ ਹੈਜੀਅਤ ਪਾਸਰ ਦੀ ਹੁੰਦੀ ਹੈ ਉਹ ਹੀ ਤਬਲਾ ਵਾਦਕ ਦੀ ਹੁੰਦੀ ਹੈ। ਪਾਸਰ ਗੇਂਦ ਬਣਾ ਕੇ ਦਿੰਦਾ ਹੈ ਤਾਂ ਉਸ ਤੇ ਵਾਲੀ ਮਾਰੀ ਜਾਂਦੀ ਹੈ। ਇਵੇਂ ਹੀ ਅਸੀਂ ਗਾਉਣ ਵਾਲੇ ਦਾ ਮੂਡ ਪਛਾਣਦੇ ਹਾਂ। ਉਦਾਂ ਤਬਲੇ ਵਾਲਾ ਸਟੇਜ ਤੇ ਬੜਾ ਤਿੜ ਕੇ ਬੈਠਦਾ ਹੈ। ਤਬਲੇ ਬਗੈਰ ਕਿਸੇ ਦੀ ਗਤੀ ਨਹੀਂ। ਤੁਸੀਂ ਢੋਲ ਨੂੰ ਹੀ ਲੈ ਲਵੋ......ਵਜਦਾ ਹੋਵੇ ਤਾਂ ਬੁਢੇ ਵੀ ਲਤ ਚੁਕ ਲੈਂਦੇ ਹਨ।

? ਪੰਡਤ ਜੀ ਮੈਂ ਦੇਖਿਆ ਹੈ ਤੁਸੀਂ ਜ਼ਿੰਦਗੀ ਵਿਚ ਬਹੁਤ ਗਤੀ ਸ਼ੀਲ ਰਹਿੰਦੇ ਹੋ। ਮੇਹਨਤ ਤੋਂ ਘਬਰਾਉਂਦੇ

Sri Satguru Jagjit Singh Ji Elibrary NamdhariElibrary@gmail.com

ਨਹੀਂ। ਕਲਾਕਾਰਾਂ ਦੀ ਆਮ ਤਬੀਅਤ ਦੇ ਉਲਟ ਇਹ ਗਲ ਕਿਉਂ ਹੈ।

—ਪਾਕਿਸਤਾਨ ਬਨਣ ਪਿਛੋਂ ਸਾਡੇ ਤੇ ਬਹੁਤ ਗਰੀਬੀ ਆਈ ਸੀ। ਉਦੋਂ ਤੋਂ ਹੀ ਮੇਹਨਤ ਦੀ ਆਦਤ ਪੈ ਗਈ। ਭੈਣਾਂ ਸਾਰੀ ਰਾਤ ਚਰੱਖਾ ਕੱਤਣਾ। ਪਿਤਾ ਜੀ ਅਤੇ ਅਸੀਂ ਬਾਹਰੋਂ ਗੋਹਾ ਆਦਿਕ ਲਿਆਉਣਾ। ਮੇਹਨਤ ਕੀਤੀ ਆਪਣੀ ਆਨ ਸ਼ਾਨ ਕਾਇਮ ਰੱਖੀ ਪਰ ਕਿਸੇ ਅਗੇ ਹੱਥ ਨਹੀਂ ਫੈਲਾਇਆ।

? ਆਮ ਤੌਰ ਤੇ ਕਲਾਕਾਰ ਫੈਸ਼ਨ ਦੇ ਤੌਰ ਤੇ ਜਾਂ ਜ਼ਰੂਰਤ ਵਜੋਂ ਐਸੀਆਂ ਗਲਾਂ ਨਾਲ ਜੁੜ ਜਾਂਦੇ ਹਨ ਜਿਨਾਂ ਨੂੰ ਸਮਾਜ ਵਿਚ ਐਬ ਕਰਕੇ ਜਾਣਿਆਂ ਜਾਂਦਾ ਹੈ। ਖਾਣ ਪੀਣ ਦਾ ਜਾਂ ਹੋਰ। ਪਰ ਤੁਸੀਂ ਇਸ ਤੋਂ ਮੁਕਤ ਜਾਪਦੇ ਹੋ। ਤੁਹਾਡੇ ਵਿਚ ਵਿਦਮਾਨ ਸਾਤਵਿਕ ਰੁਚੀਆਂ ਦਾ ਵੀ ਕੋਈ ਕਾਰਨ ਹੈ ?

- ਬਚਪਨ ਤੋਂਹੀ ਸਾਧੂ ਸੰਤਾਂ ਕਲਾਕਾਰਾਂ ਦੀ ਸੰਗਤ ਰਹੀ ਹੈ ਪਿਤਾ ਜੀ ਕਟੜ ਸਾਤਵਿਕ ਸਨ। ਤ ਇਆ ਜੀ ਸ਼ਹਿਰ ਦੇ ਵਡੇ ਮਹਾਤਮਾ। ਉਹਨਾਂ ਦੀ ਸੰਗਤ, ਡਰ ਭਉ ਕਰਕੇ ਅਛੇ ਪੁਰਸ਼ਾਂ ਦੀ ਸੰਗਤ ਜੀਵਨ ਦਾ ਅੰਗ ਹੀ ਬਣ ਗਈ ਹੈ। ਹੁਣ ਹੀ ਵੇਖ ਲਵੋਂ ਸਤਿਗੁਰੂ ਜਗਜੀਤ ਸਿੰਘ ਜੀ ਜਿਹੀ ਦੈਵੀ ਸ਼ਖਸੀਅਤ ਦੀ ਸੰਗਤ ਦਾ ਸੁਨਹਿਰੀ ਅਵਸਰ ਮਿਲਿਆ ਹੋਇਆ ਹੈ ਇਹ ਵਡੇ ਭਾਗਾਂ ਦੀ ਹੀ ਗੱਲ ਹੈ।

? ਸਮਕਾਲੀ ਪੰਜਾਬੀ ਤਬਲਾ ਵਾਦਕਾਂ ਦੀ ਪ੍ਰਾਪਤੀ ਤੋਂ ਕੀ ਤੁਸੀਂ ਸੰਤੁਸ਼ਟ ਹੋ। ਕੀ ਇਹਨਾਂ ਚੋਂ ਕੁਝ ਮੋਹਰਲੀ ਕਤਾਰ ਚ ਆਉਣ ਦੀ ਸਮਰਥਾ ਰਖਦੇ ਹਨ।

—ਬਿਲਕੁਲ ਸੰਤੁਸ਼ਟ ਹਾਂ। ਚਾਕਰ ਹੁਸੈਨ ਨੇ ਤਾਂ ਹੁਣੇ ਹੀ ਭਾਰਤ ਤੋਂ ਬਾਹਰ ਵੀ ਧੁਮਾਂ ਪਾ ਦਿਤੀਆਂ ਹਨ। ਅਮ੍ਰਿਤਸਰ ਦੇ ਅਵਤਾਰ ਸਿੰਘ ਨਾਮਧਾਰੀ ਨੇ ਉਸਤਾਦ ਵਲਾਇਤ ਖਾਂ ਤੇ ਉਸਤਾਦ ਇਮਰਤ ਖਾਂ ਸਾਹਿਬ ਨਾਲ ਭਾਰਤ ਅਤੇ ਵਦੇਸ਼ਾਂ ਦੇ ਦੌਰੇ ਕਰਕੇ ਬਹੁਤ ਨਾਮ ਖਟਿਆ ਹੈ। ਭਾਵੇ ਅਵਤਾਰ ਸਿੰਘ ਪਰਫੈਸ਼ਨਲ ਨਹੀਂ ਪਰ ਇਸ ਦੇ ਬਾਵਜੂਦ ਬਹੁਤ ਗੁਣਵਾਨ ਕਲਾਕਾਰ ਹੈ। ਅਮ੍ਰਿਤਸਰ ਦੇ ਸ੍ਰੀ ਕਾਲੇ ਰਾਮ ਬਹੁਤ ਵਧੀਆ ਕਲਾਕਾਰ ਹਨ। ਮਨਮੋਹਨ ਸਿੰਘ ਦਿਲੀ ਰੇਡੀਓ ਵਾਲੇ ਇਹ ਕੁਝ ਕੁ ਨਾਮ ਹਨ ਜਿਹੜੇ ਪੰਜਾਬ ਦੇ ਨਾਮ ਨੂੰ ਚਾਰ ਚੰਦ ਲਾ ਰਹੇ ਹਨ।

? ਅਗੋਂ ਆਉਣ ਵਾਲੀ ਪੀੜੀ ਪਾਸੋਂ ਕੀ ਸੰਭਾਵਨਾਵਾਂ ਹਨ।

—ਐਸ ਵੇਲੇ ਭੈਣੀ ਸਾਹਿਬ ਦੀ ਪਰੰਪਰਾ ਨਾਲ ਜੁੜੇ ਵਿਦਿਆਰਥੀਆਂ ਤੋਂ ਬਹੁਤ ਆਸਾਂ ਹਨ। ਇਹਨਾਂ ਵਿਚ ਬਨਾਰਸ ਸਿਖ ਰਹੇ ਤੇ ਪੰਜਾਬ ਚ ਸਿਖ ਰਹੇ ਦੋਹਾਂ ਤਰ੍ਹਾਂ ਦੇ ਹੀ ਕਲਾਕਾਰ ਹਨ। ਸੁਖਦੇਵ ਸਿੰਘ, ਸੁਰਵਿੰਦਰ ਸਿੰਘ ਤੇ ਸੁਖਵਿੰਦਰ ਸਿੰਘ ਪਿੰਕੀ, ਬਲਦੇਵ ਸਿੰਘ ਕਾਕੂ ਜਿਸ ਤਰ੍ਹਾਂ, ਹੁਣ ਇਹ ਮੇਹਨਤ ਕਰ ਰਹੇ ਹਨ ਨਿਸਚੇ ਹੀ ਇਹ ਵੀ ਮਹਾਨ ਕਲਾਕਾਰ ਬਨਣਗੇ। ਇਹਨਾਂ ਪਿਛੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਆਸ਼ੀਰਵਾਰ ਵੀ ਹੈ। ਸੰਜਮ ਅਤੇ ਮੇਹਨਤ ਵੀ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਨੇ। ਚੰਗੀ ਉਮੀਦ ਹੀ ਹੈ।

? ਤੁਹਾਡੀ ਕੋਈ ਅਭੁਲ ਯਾਦ ?

—ਯਾਦਾਂ ਕਈ ਹਨ ਪਰ ਮੇਰੇ ਬਚਪਨ ਦੀ ਇਕ ਯਾਦ ਅਜੇ ਵੀ ਤਾਜ਼ਾ ਹੈ। ਮੈਂ ਵਿਦਿਆਰਥੀ ਹੀ ਸੀ ਤਾਂ ਪੰਡਤ ਗੋਪਾਲ ਕ੍ਰਿਸ਼ਨ ਵੀਨਾ ਵਾਦਕ ਨਾਲ ਤਬਲੇ ਤੇ ਸੰਗਤ ਕੀਤੀ। ਪਿਤਾ ਜੀ ਵੀ ਬੈਠੇ ਸਨ। ਪ੍ਰੋਗਰਾਮ ਦੀ ਸਮਾਪਤੀ ਤੇ ਮੈਨੂੰ ਘੱਟ ਪੁਛਿਆ ਗਿਆ ਪਰ ਪਿਤਾ ਜੀ ਨੂੰ ਭਰਪੂਰ ਮੁਬਾਰਕਾਂ ਮਿਲ ਰਹੀਆਂ ਸਨ ਇਹ ਗਲ ਨਹੀਂ ਭੁਲਦੀ।

? ਤੁਹਾਡਾ ਕਾਲਜਾਂ ਨਾਲ ਬਹੁਤ ਸਬੰਧ ਹੈ ਕੀ ਕੀ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਵਡੇ ਕਲਾਕਾਰ ਬਣ ਸਕਦੇ ਹਨ ?

—ਬਿਲਕੁਲ ਬਣ ਸਕਦੇ ਹਨ। ਵਿਦਿਆਰਥੀਆਂ ਦੀ ਮਰਜ਼ੀ ਵੀ ਹੁੰਦੀ ਹੈ ਯੋਗਤਾ ਵੀ ਪਰ ਹਾਲਤਾਂ ਵਸ ਕਲਾ ਦੱਬੀ ਜਾਂਦੀ ਹੈ। ਕੁਝ ਵਿਦਿਆਰਥੀ ਤਾਂ ਥੋਹੜੀ ਤਾਲੀਮ ਨਾਲ ਹੀ ਚੰਗੇ ਹੋ ਜਾਂਦੇ ਹਨ।

? ਕੀ ਤੁਹਾਡੇ ਪਰਿਵਾਰ ਦੀ ਸੰਗੀਤ ਪਰੰਪਰਾ ਅਗੋਂ ਜਾਰੀ ਰਹੇ ਗੀ ?

—ਬੱਚੇ ਛੋਟੇ ਹਨ ਪਰ ਪਰੰਪਰਾ ਜਾਰੀ ਰਹੇਗੀ ਪਿਤਾ ਜੀ ਦੀ ਪਰਨਾਲੀ ਸਚਾਰੂ ਰੂਪ ਚ ਕਾਇਮ ਕਰਣ ਦਾ ਜਤਣ ਕਰਾਂਗੇ।

? ਭਵਿਖ ਵਾਸਤੇ ਤੁਹਾਡਾ ਕੀ ਪ੍ਰੋਗਰਾਮ ਹੈ ?

— ਪਿਤਾ ਜੀ ਤਿਉਹਾਰਾਂ ਤੇ ਸਾਜ਼ਾਂ ਦੀ ਇਵੇਂ ਪੂਜਾ ਕਰਦੇ ਸਨ ਜਿਵੇਂ ਫੌਜੀ ਹਥਿਆਰਾਂ ਦੀ। ਉਹਨਾਂ ਵਲੋਂ ਸੰਗੀਤ ਅਤੇ ਤਬਲੇ ਦੇ ਪ੍ਰਚਾਰ ਦੀ ਡਿਊਟੀ ਲਗੀ ਹੋਈ ਹੈ। ਮੌਕਾ ਮਿਲਿਆ ਤਾਂ ਦੇਸ਼ ਤੋਂ ਬਾਹਰ ਜਾ ਕੇ ਵੀ ਇਹ ਦੁਰਲਭ ਵਿਦਿਆ ਪਹੁੰਚਾਣ ਦਾ ਜਤਨ ਕਰਾਂਗਾ। ਪਿਤਾ ਜੀ ਦੀ ਖਾਹਸ਼ ਸੀ ਕਿ ਉਹਨਾਂ ਦੇ ਮਰਨ ਲਗਿਆਂ ਸਰਹਾਣੇ ਤਬਲਾ ਅਤੇ ਹੋਰ ਸਾਜ਼ ਰੱਖ ਦੇਣਾ।

ਇਸ ਤੇ ਕੋਲ ਬੈਠੇ ਪ੍ਰੋ. ਕਿਰਪਾਲ ਸਿੰਘ ਨੇ ਸ਼ੇਅਰ ਸੁਣਾਇਆ :

"ਮਰਨੇ ਕੇ ਬਾਅਦ ਕਬਰ ਪਰ ਤਬਲਾ ਜ਼ਰੂਰ ਰਖਣਾ
ਕੋਈ ਕਮਬਖਤ ਯੂੰ ਨਾ ਕਹੇ ਬੇ ਸਾਜ਼ ਮਰਾ ਹੈ।

Sri Satguru Jagjit Singh Ji Elibrary NamdhariElibrary@gmail.com

ਬਜਲੀ ਮਹਾਦੇਉ

—ਪ੍ਰੀਤਮ ਸਿੰਘ ਕਵੀ

ਬਾਬਾ ਫਰੀਦ ਨੇ ਕੋਈ ਪੌਣੀਆਂ ਅੱਠ ਸਦੀਆਂ ਪਹਿਲਾਂ ਠਾ ਯਥਾਰਥ, ਪਰ ਕਿੰਨੀ ਹਸਰਤ ਨਾਲ, ਕਿਹਾ ਸੀ :

ਫਰੀਦਾ ਇਨੀ ਨਿਕੀ ਜੰਘੀਐ

ਥਲ ਡੂਗਰ ਭਵਿਓਮ੍ਹਿ ।

ਅਜੁ ਫਰੀਦੈ ਕੂਜੜਾ

ਸੈ ਕੋਹਾ ਥੀਓਮਿ ॥

ਮੰਜੀਓਂ ਥੋੜਾ ਜਿੰਨਾ ਹਟਵਾਂ, ਪਾਣੀ ਦਾ ਪਿਆ ਕੁੱਜਾ ੜਨ ਲਈ ੮੫—੯੦ ਸਾਲ ਦੇ ਫਰੀਦ ਜੀ ਤੋਂ ਉਠਿਆ ਹੀਂ ਜਾਂਦਾ। ਸਰੀਰ ਦੀ ਦਿਸ਼ਾ ਦਾ ਚਿੱਤਰ ਉਨ੍ਹਾਂ ਖਿਚਿਆ : ਜਿਨ੍ਹਾਂ ਸੁਹਣੀਆਂ ਲੱਤਾਂ ਦੇ ਸਹਾਰੇ ਮੈਂ ਕਦੀ ਦਾਨ ਤੇ ਪਰਬਤ ਕਦੇ ਗਾਹੇ ਸਨ ਅੱਜ ਮੇਰੀ ਲਾਚਾਰੀ ਵੇਖੋ ੜੇ ਜਿਹੀ ਵਿੱਥ ਤੇ ਪਿਆ ਕੂਜਾ ਸੈਂਕੜੇ ਕੋਹਾਂ ਦੀ ਦੂਰੀ ਤੇ ਾਪਦਾ ਹੈ ! ਅਰਥਾਤ, ਕੋਲ ਪਏ ਪਾਣੀ ਨੂੰ ਪ੍ਰਾਪਤ ਕਰਨ ਈ ਵੀ ਉੱਠਿਆ ਨਹੀਂ ਜਾਂਦਾ।

ਐਨ ਇਹੋ ਹੋਣੀ ਮੇਰੇ ਨਾਲ ਵਾਪਰਦੀ ਪਈ ਹੈ, ਪਰ, ਰਾ ਦੂਜੇ ਸੰਦਰਭ ਵਿਚ।

ਪਿਛਲੇ ਕੁਛ ਸਾਲਾਂ ਤੋਂ ਹਰ ਗਰਮੀ ਰੁਤੇ, ਸੁਹਾਣੀ ਲੂ ਵਾਦੀ ਦੇ ਛੋਟੇ ਜਿਹੇ ਪਹਾੜੀ ਕਸਬੇ ਭੁੰਤਰ ਵਿਚ ਆਪਣੇ ੀ-ਜੁਆਈ ਦੇ ਘਰ ਜਾਂਦਾ ਹਾਂ। ਉਹਨਾਂ ਦਾ ਹਾਰਦਿਕ ਮੰਤ੍ਰਣ ਆਇਆ ਹੀ ਰਹਿੰਦਾ ਹੈ, ਮੈਂ ਓਥੇ ਜਾਕੇ ਆਪਣਾ ਲਚਿਆ ਪਲਚਿਆ ਕੰਮ ਮੁਕਾ ਲੈਂਦਾ ਹਾਂ। ਇਹਨਾਂ ਦੇ ਰ ਦੇ ਸਾਹਮਣੇ ਸੜਕੋਂ ਪਾਰ, ਰੁਖਾਂ ਦੀਆਂ ਝਿੰਗੀਆਂ ਤੇ ੜੀ ਜਿਹੀ ਆਬਾਦੀ ਤੋਂ ਅਗੇ ਤੇਜ਼ ਵਹਿੰਦੇ ਬਿਆਸ ਤੇ ਟਮੈਲੇ ਪਾਣੀ ਵਾਲੀ ਪਾਰਬਤੀ ਦੀ ਗਲਵਕੜੀ ਵਿਚ ਇਕ ੱਚਾ ਪਰਬਤ, ਜਿਸਨੂੰ ਬਿਜਲੀ ਮਹਾਦੇਉ ਕਰਕੇ ਪੁਕਾਰਿਆ ਾਂਦਾ ਹੈ, ਮੈਨੂੰ ਸਦਾ ਵੰਗਾਰਦਾ ਰਹਿੰਦਾ ਹੈ।

ਭੁੰਤਰ ਵੱਲ ਇਸਦੀ ਸਿੱਧੀ ਉਚਾਈ, ਖੁਸ਼ਕ ਤੇ ਬੇ-ਰੌਣਕ ਪਾਸਾ ਹੈ। ਕੁਲੂ ਵਲੋ ਇਹਦੀ ਸਹਿਣਯੋਗ ਢਲਵਾਣ, ਵਿਰਲੀ ਵਿਰਲੀ ਵਸੋਂ ਤੇ ਹਰੀਆਂ ਕਚੂਰ ਚੀਲ੍ਹਾਂ ਦੇ ਜੰਗਲ ਹਨ। ਕੁਲੂ ਮਾਨੋ ਮਹਾਦੇਉ ਦੇ ਚਰਨਾਂ ਵਿਚ ਵਸਦਾ ਹੈ।

ਮੈਂ, ਜਿਸਨੇ ਆਪਣੇ ਦੇਸ਼ ਦੇ ਅਨੇਕਾਂ ਦਰਸ਼ਨੀ ਸਥਾਨ ਦੇਖੇ ਮਾਣੇ ਹਨ; ਏਧਰ ਕੁਲੂ ਮਨਾਲੀ, ਰਾਹਲਾ, ਰੁਹਤਾਂਗ ਆਦਿ ਦੀ ਵੀ ਪੈਦਲ ਯਾਤਰਾ ਕੀਤੀ ਹੈ, ਇਸ ਸਾਹਮਣੇ ਦਿਸਦੇ ਬਿਜਲੀ ਮਹਾਦੇਉ ਪਰਬਤ ਦੀ ਚੋਟੀ ਤੇ ਨਹੀਂ ਪਹੁੰਚ ਸਕਦਾ। ਜਦੋਂ ਵੀ ਮੇਰੀ ਨਜ਼ਰ ਇਸ ਵਲ ਉਠਦੀ ਹੈ ਇਸ ਦੀ ਚੋਟੀ ਤੋਂ ਦਿਸਦੀ ਮੰਦਰ-ਧੁਜ ਮੇਰੀ ਨਿਗਾਹ ਨੂੰ ਰੋਕਦੀ ਹੈ, ਇਕ ਹਸਰਤ ਸਾਰੇ ਸਰੀਰ ਵਿਚ ਸਿਹਰ ਜਾਂਦੀ ਹੈ, ਮਨ ਮਸੋਸ ਕੇ ਰਹਿ ਜਾਂਦਾ ਹੈ : ਅਜੇ ਬੁਢਿਆਂ ਨਹੀਂ ਸੀ ਹੋਣਾ ਚਾਹੀਦਾ ! ਬਿਜਲੀ ਮਹਾਦੇਉ ਦੀ ਯਾਤਰਾ ਤਾਂ ਕਰਕੇ ਹੀ ਆਉਣੀ ਚਾਹੀਦੀ ਸੀ।

ਸੱਤਰਾਂ ਨੂੰ ਢੁਕਾ ਹਾਂ। 'ਅੱਗਾ ਨੇੜੇ ਆਇਆ ਪਿਛਾ ਰਹਿਆ ਦੂਰ' ਵਾਲੀ ਗੱਲ ਹੈ ਜ਼ਿੰਦਗੀ ਦਾ ਸਫਰ ਲੰਮਾ ਅਰਸਾ ਕਰ ਲਿਆ ਹੈ : ਸਰਮਾਇਦਾਰੀ ਨਜ਼ਾਮ ਚੋਂ ਫੁਟੇ ਕਮਿਊਨਿਸਟ ਰਾਜ ਪ੍ਰਬੰਧ ਦਾ ਆਰੰਭ। ਉਸ ਦੀ ਤਬਾਹੀ ਦੇ ਸਿਰ ਤੋੜ ਜਤਨ। ਸਾਰੇ ਸੰਸਾਰ ਤੇ ਕਬਜ਼ੇ ਦੀ ਲਾਲਸਾ ਲੈਕੇ ਉਠਿਆ ਹਿਟਲਰ। ਉਸਦੇ ਲਾਲਚ ਤੇ ਹਉਂ ਦੀ ਸ਼ਿਕਾਰ ਹੋਈ ਯੁਧ ਰਤ ਦੁਨੀਆਂ। ਹਿਟਲਰ ਦਾ, ਸਮੇਤ ਉਸਦੇ ਸੁਪਨਿਆਂ ਦੇ, ਨੇਸਤੋ ਨਾਬੂਦ ਹੋਣਾ। ਬਰਤਾਨੀਆ ਦਾ ਨੰਬਰ ਇਕ ਸ਼ਕਤੀ ਤੋਂ ਚੌਥੇ ਪੰਜਵੇਂ ਥਾਂ ਜਾ ਖਲੋਣਾ। ਅਮਰੀਕਾ ਦਾ ਨੰਬਰ ਇਕ ਬਣ ਜਾਣਾ। ਇਸਦੇ ਟਾਕਰੇ ਤੇ ਸੋਵੀਅਤ ਰੂਸ ਦਾ ਉਦੇ ਹੋਣਾ, ਹਰ ਪਰਕਾਰ ਦੀਆਂ ਤਬਾਹੀਆਂ ਨੂੰ ਤਾਮੀਰ ਵਿਚ ਬਦਲ ਅਮਰੀਕਾ ਦੇ ਟਾਕਰੇ ਵਿਚ ਆ ਖਲੋਣਾ। ਚੀਨ ਦਾ ਮਹਾਨ ਦੇਸ਼ ਅਮਰੀਕੀ ਜਕੜ ਚੋਂ ਨਿਕਲਣਾ। ਚੀਨ ਦਾ ਅਮਰੀਕਾ ਨੂੰ ਨੰਬਰ ਇਕ ਦੁਸ਼ਮਣ ਮਿਥਣਾ। ਫਿਰ ਸੁਤੰਤਰ ਹੋ ਕਮਿਊਨਿਸਟ ਦੇਸ਼ ਬਣ, ਸੋਵੀ-ਅਤ ਯੂਨੀਅਨ ਦੇ ਖਿਲਾਫ ਅਮਰੀਕਾ ਨੂੰ ਹੀ ਨੰਬਰ ਇਕ ਮਿੱਤਰ ਬਣਾ ਲੈਣਾ। ਇਕ ਕਮਿਊਨਿਸਟ ਦੇਸ਼ ਚੀਨ ਹਥੋਂ ਹੀ ਬੰਦ ਖਲਾਸੀ ਦੇ ਯਾਰ ਰੂਸ ਨੂੰ ਦੁਸ਼ਮਨੀ ਵਿਚ ਪਹਿਲ ਦੇਣ ਲਗ ਪੈਣਾ। ਭਾਰਤ ਦਾ ਬ੍ਰਿਟਿਸ਼ ਗੁਲਾਮੀ ਤੋਂ ਦੋ ਟੁਕੜੇ

Sri Satguru Jagjit Singh Ji Elibrary NamdhariElibrary@gmail.com

ਹੋ, ਮੁਕਤ ਹੋਣਾ, ਸੁਤੰਤਰ ਆਰਥਕ ਉਸਾਰੀ ਦੇ ਕਦਮ ਉਠਾਣਾ। ਕਾਂਗਰਸ ਰਾਜਾਂ ਦਾ ਸਥਾਪਤ ਤੇ ਪਤਨ ਹੋਣਾ। ਅਤੇ ਮੁੜ ਕੇਂਦਰ ਵਿਚ ਸੱਤਾ ਸੰਭਾਲਣਾ। ਪੰਜਾਬ ਦਾ ਪਹਿਲਾਂ ਪਾਕਿਸਤਾਨ ਤੇ ਹਿੰਦ ਵਿਚ ਦੋ ਟੁਕੜੇ ਹੋ ਵੰਡੀਰਣਾ ਤੇ ਫਿਰ ਭਾਰਤੀ ਭਾਗ ਦੇ ਪੰਜਾਬ ਵਿਚੋਂ ਹੀ ਹਰਿਆਣਾ ਤੇ ਹਿਮਾਚਲ ਰਾਜਾਂ ਦਾ ਜਨਮ ਲੈਣਾ—ਇਹ ਸਭ ਕੁਝ ਵਾਪਰਨ ਤੋਂ ਇਲਾਵਾ ਨਿਜੀ ਜੀਵਨ ਵਿਚ ਕਿੰਨੇ ਪਾਪੜ ਵੇਲੇ ਗਏ ਉਹਦਾ ਲੇਖਾ ਜੋਖਾ ਕਰਨ ਦੀ ਲੋੜ ਨਹੀਂ। ਮਨੋਰਥ ਤਾਂ ਇਹ ਪਰਗਟ ਕਰਨਾ ਹੈ ਕਿ ਏਨਾਂ ਕੁਝ ਵੇਖ ਤਕ ਜ਼ਿੰਦਗੀ ਸੰਤੁਸ਼ਟ ਹੈ।

ਪਰ ਇਕ ਚੀਜ਼ ਦੀ ਭੁਖ ਨਹੀਂ ਮਿਟਦੀ, ਹੋਰ ਹੋਰ ਵੇਖਣ ਦੀ। ਭਾਈ ਗੁਰਦਾਸ ਨੇ ਠੀਕ ਹੀ ਕਿਹਾ ਹੈ :

ਅੱਖੀਂ ਵੇਖ ਨ ਰਜੀਆਂ ਬਹੁ ਰੰਗ ਤਮਾਸੇ।

ਪਰ ਰਜਣ ਵੀ ਕਿਉਂ ? ਜੇ ਸਾਡੇ ਸਾਰੇ ਅੰਗ ਰੱਜ ਹੀ ਜਾਣ ਤਾਂ ਜਿਉਣਾ ਕਿਸ ਅਰਥ ? ਇਹਨਾਂ ਨੂੰ ਤਾਂ ਓਦੋਂ ਹੀ ਰੱਜਣਾ ਚਾਹੀਦਾ ਹੈ ਜਦੋਂ ਸਵਾਸ ਹੀ ਜਵਾਬ ਦੇ ਜਾਣ।

ਏਥੇ ਲੋੜ ਫਲਸਫੇ ਬਿਆਨਣ ਤੇ ਕਹਾਣੀਆਂ ਘੜਨ ਦੀ ਨਹੀਂ। ਸਿਰਫ ਉਸ ਵੰਗਾਰ ਨੂੰ ਕਲਮਬੰਦ ਕਰਨ ਦੀ ਹੈ ਜੁ ਮੈਨੂੰ ਮੇਰੇ ਪਹਾੜਾਂ ਵਿਚ ਨਿਵਾਸ ਸਮੇ ਅਠੇ ਪਹਿਰ ਭੜਕਦੀ ਰਹਿੰਦੀ ਹੈ।

ਮੈਨੂੰ ਦਸਿਆ ਗਿਆ ਹੈ ਕਿ ਭੁੰਤਰ ਦੀ ਤਰਫੋਂ ਪਾਰਬਤੀ ਨਦੀ ਦਾ ਇਕ ਸੰਕੁਰਾ ਪੁਲ ਲੰਘ ਕੇ, ਲਗ ਭਗ ਸਿੱਧੀ ਚੜਾਈ ਚੜ੍ਹਿਆਂ ਇਹ ਪਰਬਤ ਚੋਟੀ ਕੇਵਲ ਪੰਜ ਕਿਲੋ ਮੀਟਰ ਦਾ ਫਾਸਲਾ ਰਖਦੀ ਹੈ। ਪਰ ਜੇ ਢਲਵਾਨ ਦੇ ਆਸਰੇ ਚੜ੍ਹਨਾ ਹੋਵੇ ਤਾਂ ਕੁਲੂਓਂ ਰਾਹ ਫੜਨਾ ਪੈਂਦਾ ਹੈ। ਤੇ ਨੌਂ ਕਿਲੋਮੀਟਰ ਦਾ ਸਫਰ ਤੈ ਕਰਨਾ ਹੁੰਦਾ ਹੈ। ਜੇ ਕਿਤੇ ਜੁਆਨੀ ਦੇ ਦਿਨ ਹੁੰਦੇ ਤਾਂ ਮੈਂ ਇਹ ਯਾਤਰਾ ਕਈ ਵਾਰ ਕਰ ਚੁਕਾ ਹੁੰਦਾ ਅਤੇ ਅਜਿਹੀਆਂ ਸਤਰਾਂ ਲਿਖਣ ਦੀ ਲੋੜ ਨ ਪੈਂਦੀ। ਮੈਂ ਨੌਂ ਕਿਲੋ ਮੀਟਰ ਤਿੰਨ ਘੰਟਿਆਂ ਵਿਚ ਖਤਮ ਕਰਦਾ, ਦੋ ਘੰਟੇ ਬਿਜਲੀ ਮਹਾਦੇਉ ਜੀ ਦੇ ਚਰਨਾਂ ਵਿਚ ਬੈਠਦਾ ਤੇ ਫਿਰ ਤਿੰਨ ਘੰਟੇ ਪੈਦਲ ਮਾਰਚ ਕਰਕੇ ਕੁਲੂ ਪਹੁੰਚ ਜਾਂਦਾ।

ਬਿਜਲੀ ਮਹਾਦੇਉ ਪਰਬਤ ਦੀ ਯਾਤਰਾ ਵਿਚ ਦਿਲਚਸਪੀ ਇਕ ਬ੍ਰਾਹਮਨ ਨੇ ਮੇਰੇ ਅੰਦਰ ਜਗਾਈ ਹੈ। ਭੂੰਤਰ ਦੀ ਕੰਡ ਪਿੱਛੇ ਇਕ ਉੱਚੀ ਪਹਾੜੀ ਦੀ ਵੱਖੀ ਤੇ ਪਿੰਡ ਖੋਖਣ ਹੈ। ਇਕ ਦਿਨ ਏਧਰੋਂ ਪਰਤਦਿਆਂ ਰਾਹ ਵਿਚ ਇਕ ਬਜ਼ੁਰਗ ਬ੍ਰਾਹਮਣ ਨਾਲ ਸਫਰ ਸਾਂਝ ਹੋ ਗਈ। ਉਸਨੇ ਬਹੁਤ ਸਾਰੀਆਂ ਰੌਚਕ ਗੱਲਾਂ ਸੁਣਾਈਆਂ। ਉਹਨਾਂ ਚੋਂ ਇਕ ਬਿਜਲੀ ਮਹਾਦੇਉ ਮੰਦਰ ਨਾਲ ਸੰਬੰਧਤ ਸੀ। ਉਸ ਆਖਿਆ :

ਇਕ ਵਾਰ ਭਗਵਾਨ ਸ਼ੰਕਰ ਜਿਨ੍ਹਾਂ ਦਾ ਦੂਜਾ ਨਾਅ ਮਹਾਦੇਉ ਵੀ ਹੈ, ਮਨੀਕਰਨ ਦੇ ਗਰਮ ਪਾਣੀਆਂ ਦੇ ਚਸ਼ਮੇ ਵੱਲ ਗਏ। ਜਾਂਦਿਆਂ ਜਾਂਦਿਆਂ ਕੁਛ ਸਮਾ ਇਸ ਪਰਬਤ ਦੀ ਚੋਟੀ ਤੇ ਵਿਸ਼ਰਾਮ ਕੀਤਾ, ਅਹੁ ਜੁ ਸਾਹਮਣੇ ਦਿਸਦਾ ਹੈ। ਦੇਵੀ ਪਾਰਬਤੀ ਜੀ ਉਨ੍ਹਾਂ ਦੇ ਨਾਲ ਸਨ। ਦ੍ਰਿਸ਼ ਮਨ ਮੱਲਵਾਂ ਸੀ। ਇਕ ਪਾਸਾ ਸਿੱਧਾ ਹੀ ਅਸਮਾਨ ਵਲ ਉਠਿਆਂ ਹੋਇਆ ਇਸ ਪਰਬਤ ਦਾ—ਖੁਸ਼ਕ, ਬੇ-ਰੁੱਖ, ਬੇ-ਝਾੜ। ਦੂਜਾ ਬੰਨਾ ਚੋਖੀ ਢਲਵਾਨ ਵਾਲਾ ਜਿਵੇਂ ਢਾਲਵਾਂ ਹਰਾ ਗਲੀਚਾ ਵਿਛਿਆ ਹੋਵੇ, ਸੁੰਦਰ ਉਚੀਆਂ ਚੀਲਾਂ ਦਾ ਜੰਗਲ। ਜ਼ਰਾ ਏਧਰ ਹੋਵੋ ਤਾਂ ਰੱਜਵਾਂ ਉਹਲਾ ਓਧਰ ਹੋਵੋ ਤਾਂ ਤੁਹਾਨੂੰ ਕੋਈ ਵੇਖ ਨ ਸਕੇ ਪਰ ਤੁਸੀਂ ਸਭ ਨੂੰ ਤੱਕ ਸਕੋ। ਪਰਬਤ ਪੈਰਾਂ ਵਿਚ ਇਕ ਪਾਸੇ ਮਟਮੈਲੇ ਪਾਣੀ ਦੀ ਤੇਜ਼-ਤੇਜ਼ ਵਹਿੰਦੀ ਨਦੀ ਦੂਜੇ ਪਾਸੇ ਨਿਰਮਲ ਠੰਡੀ ਬਿਆਸ ਦੀ ਧਾਰਾ।

ਪਾਰਬਤੀ ਦੇਵੀ ਭਗਵਾਨ ਸ਼ਿਵ ਦੇ ਪੱਟਾਂ ਤੇ ਆਸਣ ਜਮਾਈ ਬੈਠੀ ਇਸ ਸੁਖਦ ਇਕਾਂਤ ਨੂੰ ਮਾਣ ਰਹੀ ਸੀ। ਗੱਲਾਂ ਕਰਦਿਆਂ ਕਰਦਿਆਂ ਅਚਾਨਕ ਉਸ ਵਿਸ਼ਾ ਤਬਦੀਲ ਕਰਕੇ ਮਹਾਦੇਉ ਜੀ ਨੂੰ ਆਖਿਆ :

"ਮਹਾਰਾਜ! ਆਪਾਂ ਏਥੇ ਇਕ ਕੁਟੀਆ ਨ ਬਣਾ ਲਈਏ ? ਬੜਾ ਸੁੰਦਰ ਸਥਾਨ ਹੈ!"

"ਸਾਧੂਆਂ ਨੂੰ ਕਿਤੇ ਵੀ ਡੇਰੇਦਾਰੀ ਨਹੀ ਬਣਾਣੀ ਚਾਹੀਦੀ, ਆਪਾਂ ਰਮਤੇ ਹੀ ਭਲੇ ਹਾਂ!

"ਨਹੀਂ ਮਹਾਰਾਜ, ਤੁਸੀਂ ਤਾਂ ਰਮਤੇ ਭਲੇ ਹੋ ਸਕਦੇ ਹੋ, ਪਰ ਗ੍ਰਿਹਣੀਆਂ ਨੂੰ ਤਾਂ ਕਈ ਝਮੇਲੇ ਹੁੰਦੇ ਹਨ। ਹੁਣ ਤੁਸੀਂ

Sri Satguru Jagjit Singh Ji Elibrary NamdhariElibrary@gmail.com

ਹੀ ਦੱਸੋ ਪੇਟ ਦੇ ਬੱਚੇ ਨੂੰ ਕਿਥੇ ਜਨਮ ਦਿਆਂ ? ਜਣੇਪੇ ਦੇ ਕੁਝ ਦਿਨ ਏਸੇ ਚੋਟੀ ਤੇ ਕੱਟਣ ਨੂੰ ਜੀ ਕਰਦਾ ਹੈ। ਮੈਨੂੰ ਤਾਂ ਇਹੋ ਥਾਂ ਪਸੰਦ ਆਈ ਹੈ।"

ਨਾਰੀ ਦੀ ਅਚੂਕ ਕਰਾਮਾਤ ਅਗੇ ਭਗਵਾਨ ਝਉਂ ਗਏ।

"ਚਲੋ ਦੇਵੀ ਜੀ, ਤੁਸੀਂ ਜੇ ਏਸੇ ਪਰਬਤ ਤੇ ਮੋਹਿਤ ਹੋ ਗਏ ਓ ਤਾਂ ਲਾ ਲਓ ਡੇਰੇ ਏਥੇ ਹੀ। ਅਸਾਂ ਇਸ ਮਟਮੈਲੀ ਨਦੀ ਦਾ ਨਾਮ ਹੀ ਤੇਰੇ ਨਾਂ ਤੇ ਧਰ ਦਿੰਦੇ ਹਾਂ ਤੇ ਸਦੀਵੀ ਪਿਆਰ ਦੇ ਚਿੰਨ੍ਹ ਵਜੋਂ ਪਰਬਤ ਦਾ ਨਾਮ ਮੇਰੇ ਨਾਂ ਨਦੀ ਪਾਰਬਤੀ, ਪਰਬਤ ਮਹਾਦੇਉ। ਤੇਰੇ ਵਾਂਗ ਅੰਗ ਸੰਗ।

ਪਤਾ ਨਹੀਂ ਓਦੋਂ ਕੋਈ ਛੱਪਰ ਛੰਨ ਇਸ ਦੇਵੀ ਜੋੜੇ ਪਾਈ ਕਿ ਨਹੀਂ, ਪਰ ਸਮਾ ਪਾਕੇ ਇਸ ਪਰਬਤ ਦਾ ਨਾਅ 'ਮਹਾਦੇਉ' ਦੇ ਨਾਂ ਤੇ ਪ੍ਰਸਿੱਧ ਹੋ ਗਿਆ ਤੇ ਨਦੀ ਪਾਰਬਤੀ ਨਾਅ ਨਾਲ ਜਾਣੀ ਜਾਣ ਲਗੀ।

ਸਦੀਆਂ ਹੋਈਆਂ ਕਿਸੇ ਪ੍ਰੇਮੀ ਨੇ ਇਸ ਪਰਬਤ ਦੀ ਚੋਟੀ ਤੇ ਕੁਝ ਪੱਥਰ ਜੋੜ ਕੇ ਇਕ ਮਕਾਨ ਖੜਾ ਕਰ ਦਿਤਾ। ਮਹਾਦੇਉ ਜੀ ਦੇ ਚਿੰਨ੍ਹ ਵਜੋਂ ਇਕ ਵੱਡੇ ਆਕਾਰ ਦਾ ਸ਼ਿਵ ਲਿੰਗ ਲਿਆਕੇ ਟਿਕਾ ਦਿਤਾ। ਅਤੇ ਇਸ ਸਥਾਨ ਦੀ ਪੂਜਾ ਹੋਣ ਲਗ ਪਈ। ਪਹਾੜਾਂ ਦੇ ਲੋਕ ਸੁੱਖਣਾ ਸੁੱਖਦੇ। ਮਹਾਦੇਉ ਜੀ ਦੇ ਮੰਦਰ ਦੇ ਦਰਸ਼ਨ ਕਰਨ ਲਈ ਕਠਿਨ ਤੇ ਲੰਮਾ ਪੈਂਡਾ ਮਾਰ ਕੇ ਆਉਂਦੇ। ਏਥੇ ਕੋਈ ਵੱਸੋਂ ਨਹੀਂ ਸੀ। ਖਾਣ ਪੀਣ ਤੇ ਬਿਸਤਰ ਆਦਿ ਦਾ ਪ੍ਰਬੰਧ ਨਾ ਹੋਣ ਕਰਕੇ ਬਹੁਤੇ ਹੀ ਉਤਸਾਹੀ ਲੋਕ ਏਦਰ ਮੂੰਹ ਕਰਦੇ।

ਇਕ ਵਾਰ ਕੀ ਹੋਇਆ। ਇਕਾਇਕ ਅਸਮਾਨ ਬੱਦਲਾਂ ਨਾਲ ਘਿਰ ਗਿਆ। ਰਾਤ ਪਿਆਂ ਨੂੰ ਤਿੰਨ ਚਾਰ ਘੰਟੇ ਹੋ ਚੁਕੇ ਸਨ। ਵਰਖਾ ਹੋਣ ਲਗ ਗਈ। ਪਹਾੜਾਂ ਅਤੇ ਪਹਾੜੀਆਂ ਲਈ ਇਹ ਕੋਈ ਨਵੀਂ ਗੱਲ ਨਹੀਂ ਸੀ। ਪਰ ਅੱਜ ਦੀ ਬਾਰਸ਼ ਤਾਂ ਕਹਿਰ ਵਾਉ ਜਾਪਦੀ ਸੀ। ਲਗਦਾ ਸੀ ਜਿਵੇਂ ਭਗਵਾਨ ਸ਼ਿਵ ਦੇ ਜਟਾਜੂੜੇ ਚੋਂ ਗੰਗਾ ਮਈਆ ਕ੍ਰੋਧ ਵਿਚ ਆਈ, ਵਿਕਰਾਲ ਰੂਪ ਧਾਰੀ ਧਰਤੀ ਤੇ ਡਿਗ ਰਹੀ ਹੋਵੇ। ਛੱਜੀਂ ਖਾਰੀਂ ਵਰ੍ਹਦੇ ਮੀਂਹ ਦਾ ਪਾਣੀ ਤਾਂ ਦੁਪਾਸੜ ਵਹਿੰਦੀਆਂ ਨਦੀਆਂ ਵਿਚ ਪੈ ਮੈਦਾਨਾਂ ਵੱਲ ਨੂੰ ਭੱਜ ਤੁਰਦਾ ਪਰ ਬਰਸਾਤ ਦਾ ਲਗਾਤਾਰ ਹੋਣਾ ਬੜਾ ਡਰਾਉਣਾ ਜਾਪ ਰਿਹਾ ਸੀ।

ਅਚਾਨਕ ਬਿਜਲੀ ਜ਼ੋਰ ਦੀ ਕੜਕੀ। ਸਾਰੇ ਪਰਬਤ ਗੜਗੜਾ ਉਠੇ। ਐਉਂ ਪ੍ਰਤੀਤ ਹੁੰਦਾ ਸੀ ਜਿਵੇਂ ਕੋਈ ਪਰਬਤ ਧੂ. ਧੂ ਕਰਕੇ ਫਟ ਉਠਿਆ ਹੋਵੇ। ਮਹਾਦੇਉ ਦੇ ਮੰਦਰ ਦਾ ਬਿਰਧ ਪੁਜਾਰੀ, ਜੋ ਇੱਕਲਾ ਹੀ ਏਥੇ ਬਨਬਾਸ ਕਟ ਰਿਹਾ ਸੀ। ਬਿਜਲੀ ਜੀ ਕੜਕ ਤੇ ਚਮਕ ਨਾਲ ਬੇਸੁਧ ਹੋਇਆ ਮੰਜੀਓਂ ਉਲਟ ਡਿੱਗਿਆ ਕਿੰਨਾ ਚਿਰ ਮੀਂਹ ਪਿਆ ਤੇ ਕਦੋਂ ਹਟ ਗਿਆ ਪੁਜਾਰੀ ਨੂੰ ਪਤਾ ਨਹੀਂ ਸੀ।

ਅਗਲੇ ਦਿਨ ਸੂਰਜ ਦੀਆਂ ਤੇਜ਼ ਤੇਜ਼ ਕਿਰਨਾਂ ਪਹਾੜੀ ਸ਼ਿਖਰਾਂ ਤੇ ਫੈਲੀਆਂ। ਨਾਲਦੇ ਅਤੇ ਹੇਠਲੇ ਜੰਗਲਾਂ ਚੋਂ ਇਕ ਹੁੰਮਸ ਚੁਫੇਰੇ ਪਸਰਨ ਲਗੀ। ਪੁਜਾਰੀ ਦਾ ਪਿੰਡਾ ਨਿੱਘਾ ਹੋਇਆ। ਹਿੰਮਤ ਕਰਕੇ ਉਠਿਆ। ਅੰਦਰੋਂ ਬਾਹਰ ਨਿਕਲਿਆ। ਆਲਾ ਦੁਆਲਾ ਜਿਉਂ ਦਾ ਤਿਉਂ ਸੀ। ਪਰ ਜਦੋਂ ਉਸ ਮੁਖ ਮੰਦਰ ਵਲ ਨਜ਼ਰ ਮਾਰੀ ਤਾਂ ਉਹ ਬਰਬਾਦ ਹੋਇਆ ਪਿਆ ਸੀ। ਉਸਨੂੰ ਯਾਦ ਆਈ ਰਾਤ ਦੀ ਕੜਕ ਤੇ ਚਮਕ ਜਿਸ ਪਿਛੋਂ ਉਸਨੂੰ ਸੁਰਤ ਨਹੀਂ ਸੀ ਰਹੀ ਏਥੇ ਹੀ ਨਾਜ਼ਲ ਹੋਈ ਸੀ। ਮੰਦਰ ਦਾ ਇਹ ਭਾਗ ਛਿੱਲੇ ਹੋਏ ਸੰਤਰੇ ਵਾਂਗ ਫਾੜੀ ਫਾੜੀ ਹੋਇਆ ਪਿਆ ਸੀ।

ਤੇ ਸ਼ਿਵ ਲਿੰਗ ?

ਬਿਜਲੀ ਤਾਂ ਪਈ ਹੀ ਉਸ ਨੂੰ ਸੀ। ਇਸ ਨੂੰ ਜਾ ਕੇ ਡਿੱਠਾ ਤਾਂ ਇਸ ਦੀਆਂ ਅਨੇਕਾਂ ਪੱਚਰਾਂ ਲਹਿਕੇ ਦੂਰ ਕਿਤੇ ਜਾ ਪਈਆਂ ਸਨ।

ਮਹਾਦੇਉ ਜੀ ਦੀ ਆਪਣੀ ਸ਼ਕਤੀ ਦੀ ਇਹ ਕਰਾਮਾਤ ਸੀ ਕਿ ਇਸਦਾ ਵਿਚਕਾਰਲਾ ਹਿੱਸਾ ਉਸੇ ਤਰ੍ਹਾਂ ਡਟਿਆ ਹੋਇਆ ਸੀ। ਬਿਜਲੀ ਦੀ ਸਾਰੀ ਤਾਕਤ ਵੀ ਉਸਦਾ ਤਲਾ ਮੂਲ ਨਹੀਂ ਸੀ ਹਿਲਾ ਸਕੀ। ਉਸਨੇ ਸ਼ਿਵ ਲਿੰਗ ਦਾ ਦੁਆਲਾ ਜ਼ਰੂਰ ਭੋਰ-ਉਧੇੜ ਦਿਤਾ ਸੀ। ਪੁਜਾਰੀ ਇਹ ਸਭ ਕੁਝ ਵੇਖ ਸ਼ੰਕਰ ਭਗਵਾਨ ਦੀ ਜੈ ਨੂੰ ਚਿਤਵਦਾ ਆਪਣੇ ਖਾਣ ਪੀਣ ਦੇ ਆਹਰ ਵਿਚ ਜੁੱਟ ਪਿਆ।

ਸੂਰਜ ਰੱਤਾ ਭਰ ਅਸਮਾਨ ਤੇ ਹੋਰ ਉਚਾ ਹੋਇਆ ਤਾਂ ਪੁਜਾਰੀ ਦੇ ਕੰਨੀਂ ਬੜੀਆਂ ਦਰਦਨਾਕ ਤੇ ਵਿਲਕਦੀਆਂ

Sri Satguru Jagjit Singh Ji Elibrary NamdhariElibrary@gmail.com

ਜਿਹੀਆਂ ਅਵਾਜ਼ਾਂ ਪੈਣ ਲਗੀਆਂ ਜਿਵੇਂ ਡਰੇ-ਝੱਠੇ ਚੂਜ਼ੇ ਚਿਲੂੰ ਚਿਲੂੰ ਕਰਦੇ ਹੋਣ। ਆਵਾਜ਼ਾਂ ਦੀ ਅਰੁਣਤਾ ਤੇ ਤਰਲਿਆਂ ਭਰੀ ਵਿਲਕ ਪੁਜਾਰੀ ਨੂੰ ਉਠ ਕੇ ਬਾਹਰ ਵੇਖਣ ਲਈ ਮਜਬੂਰ ਕਰ ਦਿਤਾ। ਬਾਹਰ ਆ ਕੇ ਵੇਖਦਾ ਹੈ ਕਿ ਮੰਦਰ ਦੇ ਆਲੇ ਦੁਆਲੇ ਖਿਲਰੇ ਸਾਫ ਸੁਥਰੇ ਕਾਲੇ ਪੱਥਰ ਦੇ ਟੁਕੜੇ ਵਿਲੂੰ ਵਿਲੂੰ ਕਰ ਰਹੇ ਹਨ ਅਤੇ ਆਵਾਜ਼ਾਂ ਵੀ ਉਹਨਾਂ ਦੀਆਂ ਹਨ। ਉਸ ਨੂੰ ਸਮਝਦਿਆਂ ਦੇਰ ਨ ਲਗੀ ਕਿ ਸ਼ਿਵਲਿੰਗ ਦੇ ਟੁਕੜੇ ਹੀ ਆਪਣੇ ਮੂਲ ਨਾਲ ਲਗਣ ਲਈ ਵਿਲਕ ਰਹੇ ਹਨ।

ਅੰਤਰ ਸ਼ਕਤੀ ਦਾ ਪ੍ਰੇਰਿਆ ਪੁਜਾਰੀ ਚਿਲੂੰ ਚਿਲੂੰ ਕਰਦੇ ਕਰਾਂਹਦੇ ਵਿਲਕਦੇ ਕਾਲੇ ਪੱਥਰ ਦੇ ਪੱਚਰਾਂ-ਟੁਕੜਿਆਂ ਨੂੰ ਚੁਕ ਲਿਆਇਆ ਜਿਉਂ ਜਿਉਂ ਉਹ ਮੂਲ ਲਿੰਗ ਦੇ ਨਜ਼ਦੀਕ ਆ ਰਹੇ ਸਨ, ਸ਼ਾਂਤ ਹੋ ਰਹੇ ਸਨ। ਮੂਲ ਧੁਰੇ ਨਾਲ ਇਹਨਾਂ ਦਾ ਢੇਰ ਲਾ ਸੋਚਣ ਲਗਾ : ਕਿਵੇਂ ਜੋੜਾਂ ? ਅਤੇ ਉਸ ਨੂੰ ਜਲਦੀ ਹੀ ਇਕ ਖਿਆਲ ਸੁਝਿਆ ਅਤੇ ਆਪਣੀ ਸੋਚ ਦੀ ਸਾਰਥਕਤਾ ਖੁਸ਼ੀ ਤੇ ਨਾਲ ਨੱਚਣ ਲਗਾ।

ਦਿਨ ਛਿਪੰਦੇ ਨੂੰ ਉਸ ਨੇ ਲਿੰਗ ਧੁਰੇ ਉਤੇ ਮੱਖਣ ਲਗਾ ਦਿਤਾ। ਉਸਤੇ ਲੁੜੀਂਦੀ ਤਰਤੀਬ ਨਾਲ ਟੁੱਕੜੇ ਤੇ ਚਿੱਪਰਾਂ ਜੋੜ ਦਿਤੀਆਂ। ਹੁਣ ਹਰ ਤਰ੍ਹਾਂ ਸ਼ਾਂਤੀ ਸੀ, ਕਿਸੇ ਪਰਕਾਰ ਦੀ ਕੋਈ ਆਵਾਜ਼ ਨਹੀਂ ਸੀ।

ਪੁਜਾਰੀ ਸਵੇਰੇ ਉੱਠ, ਆਪਣੀ ਮਿਹਨਤ ਦਾ ਫਲ ਵੇਖਣ ਗਿਆ। ਵੇਖ ਕੇ ਉਤਸਾਹ ਨਾਲ ਭਰ ਗਿਆ। ਸਭ ਟੁਕੜੇ ਲਿੰਗ ਮੂਲ ਨਾਲ ਇੰਜ ਇਕ ਰੂਪ ਹੋਏ ਪਏ ਸਨ। ਜਿਵੇਂ ਕੁਝ ਹੋਇਆ—ਵਾਪਰਿਆ ਹੀ ਨ ਹੋਵੇ। ਇਹ ਠੋਸ

ਕਾਲੀ ਚਟਾਨ ਚੋਂ ਹੀ ਕਿਸੇ ਕਲਾਕਾਰ ਦੀ ਕਰਾਮਾਤ ਘਾਹ
ਹੋਈ ਲਗਦੀ ਸੀ।

ਹੌਲੀ ਹੌਲੀ ਇਸ ਅਲੋਕਾਰ ਹੋਣੀ ਦੀ ਕਹਾਣੀ ਦੂ
ਪਹਾੜਾਂ ਤਕ ਪਹੁੰਚ ਗਈ। ਸ਼ਿਵਾਂ ਦੀ ਪੂਜਾ ਕਰਨ ਵਾ
ਭਗਵਾਨ ਮਹਾਦੇਉ ਦੇ ਸਾਖਿਆਤ ਦਰਸ਼ਨ ਕਰਨ ਆਉ
ਲਗੇ। ਮਹਿਮਾ ਵਧਦੀ ਗਈ। ਤਬਾਹ ਹੋਇਆ ਮੰਦਰ ਫਿ
ਉਸਰ ਗਿਆ। ਅਤੇ ਇਸ ਪਹਾੜ ਦਾ ਨਾਅ ਹੀ ਬਿਜਲ
ਮਹਾਦੇਉ ਪਰਬਤ ਪੈ ਗਿਆ। ਔਖਾ ਤੇ ਲੰਮਾ ਰਸਤਾ ਪੈਦ
ਚਲ ਸਕਣਾਂ ਬੁੱਢੇ ਨਰ ਨਾਰਾਂ ਦੇ ਵਸ ਦੀ ਗੱਲ ਨਹੀਂ
ਜਵਾਨਾਂ ਨੂੰ ਧਰਮ ਕਰਮ ਨਾਲ ਉਂਝ ਹੀ ਦਿਲਚਸਪੀ ਘ
ਹੁੰਦੀ ਹੈ, ਇਸ ਲਈ, ਲੋਕਾਂ, ਜਿਨ੍ਹਾਂ ਕਠਨਾਈਆਂ ਝਾ
ਇਕ ਵਾਰ ਦਰਸ਼ਨ ਪਾ ਲਏ ਫੇਰ ਨਹੀਂ ਗਏ। ਇ
ਕਾਰਨ ਬਿਜਲੀ ਮਹਾਦੇਉ ਪਰਬਤ ਦੇ ਸਿਖਰ ਤੇ ਮਹਾਦੇ
ਮੰਦਰ ਅੱਜ ਵੀ ਇੱਕਲੇ ਪੁਜਾਰੀ ਦੀ ਬਪੌਤੀ ਹੈ। ਉ
ਹੋਰ ਵਸੇਬਾ ਕੋਈ ਨਹੀਂ।

ਮੈਂ ਇਹ ਸਾਰੀ ਵਾਰਤਾ ਉਸ ਪਹਾੜੀਏ
ਸੁਣ ਕੇ ਫਿਰ ਉਤੇਜਿਤ ਹੋ ਉਠਿਆ ਹਾਂ ਮਨ ਕਰਕੇ,
ਤਨ ਕਰਕੇ ਦੋ ਕਿਲੋ ਮੀਟਰ ਜਾਣ ਤੇ ਉਸੇ ਦਿਨ ਨੌਂ ਕਿ
ਮੀਟਰ ਪਰਤ ਆਉਣ ਦੀ ਸਮਰਥਾ ਨਹੀਂ। ਰਾਤ
ਰਹਿਣਾ ਪਏ ਤਾਂ ਵੀ ਖਾਣੇ ਦਾਣੇ ਤੇ ਲੀੜੇ-ਬਿਸਤਰੇ
ਪ੍ਰਬੰਧ ਕਰਕੇ ਨਾਲ ਲਿਜਾਣਾ ਪਏਗਾ ਤੇ ਇਹ ਗੱਲ
ਮੇਰੇ ਵਸ ਦੀ ਨਹੀਂ। ਸੋਚਦਾ ਹਾਂ, ਇਸ ਮਹਾਂ ਤੀਰਥ
ਦਰਸ਼ਨਾਂ ਲਈ ਕਿਤੇ ਦੁਬਾਰਾ ਨ ਜਨਮ ਧਾਰਨਾ ਪਏ।

Sri Satguru Jagjit Singh Ji Elibrary NamdhariElibrary@gmail.com

ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

੨੪ ਅਕਤੂਬਰ ੧੯੬੨

ਜੀਵਨ ਨਗਰ

ਸਵੇਰੇ ਆਸਾ ਦੀ ਵਾਰ ਦੇ ਅੰਤ ਉਤੇ ਜਾ ਕੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ, ਫਿਰ ਆਪਣੇ ਕਮਰੇ ਵਿਚ ਆ ਗਿਆ। ਮੇਰੇ ਕੁਝ ਸਮਾਂ ਬਾਹਰ ਰਿਹਾਂ ਸਤਿਗੁਰੂ ਜੀ ਮੇਰੇ ਵਿਹੜੇ ਵਿਚ ਆਏ ਤੇ ਝੁਮਕੇ ਦੇ ਬੂਟੇ ਥਲੇ ਬੈਠੇ ੧੦-੧੫ ਮਿੰਟ ਕਲੇ ਹੀ, ਇਕਦਮ ਇਕਲੇ ਹੀ ਅਖਬਾਰ ਪੜਦੇ ਰਹੇ। ਮੈਂ ਆਕੇ ਅਫਸੋਸ ਜ਼ਾਹਰ ਕੀਤਾ ਕਿ ਉਹ (ਮੇਰੀ ਗੈਰਹਾਜ਼ਰੀ ਕਾਰਨ) ਇਕਲੇ ਹੀ ਕਿਉਂ ਰਹੇ ਤਾਂ ਹੱਸਕੇ ਕਹਿਣ ਲਗੇ: ਜੋਗੀ (ਕਰਮ ਸਿੰਘ ਪਰੈਸ ਵਾਲਾ) ਜੁ ਮੇਰੇ ਪਾਸ ਸੀ। ਕੁਛ ਸਮਾ ਅਸੀਂ ਚੁਪ ਕਰਕੇ ਬੈਠੇ ਰਹੇ। ਫੇਰ ਮੈਂ ਧੰਨਵਾਦ ਕੀਤਾ ਕਿ ਮੇਰਾ ਧਿਆਨ ਉਨ੍ਹਾਂ ਬਹੁਤ ਰਖਿਆ ਸੀ। ਪਰ ਉਹ ਆਲੇ ਟਾਲੇ ਜਿਹੀ ਗੱਲ ਕਰਕੇ ਚੁਪ ਕਰ ਗਏ। ਪਰ ਜਾਪਦਾ ਸੀ ਕਿ ਉਹ ਕੋਈ ਗੱਲ ਮੇਰੇ ਨਾਲ ਕਰਨਾ ਚਹੁੰਦੇ ਸਨ, ਫੇਰ ਘੁੱਟ ਗਏ, ਕਿਉਂਕਿ ਹੁਣੇ ਹੀ ਬਗੀਚੇ ਵਿਚ ਜੋਤਸ਼ੀ, ਪੰਡਤ ਕੁੰਦਨ ਸਿੰਘ ਰੂਪੇ ਵਾਲੇ, ਨੂੰ ਉਨ੍ਹਾਂ ਬੁਲਾਇਆ ਸੀ ਤੇ ਉਹ ਆ ਹੀ ਗਿਆ ਸੀ।

ਏਥੇ ਮੈਂ ਸਤਿਗੁਰੂ ਜੀ ਤੋਂ ਆਗਿਆ ਲਈ ਕਿ 'ਸਤਿਜੁੱਗ' ਦਾ ਮੁਖ ਲੇਖ, ਚੀਨੀ ਹਮਲੇ ਵਿਰੁਧ ਤੇ ਨਹਿਰੂ ਦੀ ਹਮਾਇਤ ਵਿਚ ਲਿਖਾਂ। ਨਾਲ ਹੀ ਤਿੰਨ ਰੈਜ਼ੋਲੀਊਸ਼ਨ ਨਾਮਧਾਰੀ ਦਰਬਾਰ ਦੀ, ਦੀਵਾਲ ਅੰਮ੍ਰਿਤਸਰ ਵਾਲੀ ਮੀਟਿੰਗ ਵਿਚ ਪੇਸ਼ ਕਰਨ ਵਾਸਤੇ ਪੁਛੇ:

(੧) ਯੁਗੰਡਾ (ਅਫਰੀਕਾ) ਦੀ ਆਜ਼ਾਦੀ ਦੀ ਉਥੋਂ ਦੇ ਲੋਕਾਂ ਨੂੰ ਵਧਾਈ।

(੨) ਦੋ ਅਕਤੂਬਰ ਤੋਂ ਜਾਰੀ ਕੀਤੀ ਜ਼ਿਲਾ ਪੱਧਰ ਤੇ ਪੰਜਾਬੀ ਬਾਰੇ ਪੰਜਾਬ ਸਰਕਾਰ ਦੀ ਸ਼ਲਾਗਾ ਤੇ ਉਨ੍ਹਾਂ ਵਿਅਕਤੀਆਂ ਅਤੇ ਮਿਊਂਕਸਪੈਲਟੀਆਂ ਨੂੰ ਅਪੀਲ ਜੁ ਅਜੇ ਪੰਜਾਬੀ ਲਿਖਣ ਪੜਨ ਤੋਂ ਹਿਚਕਚਾਂਦੀਆਂ ਹਨ।

(੩) ਚੀਨੀ ਹਮਲੇ ਦੀ ਵਿਰੋਧਤਾ ਤੇ ਨਹਿਰੂ ਮੰਨਨ ਪਿਛੇ ਦੇਸ਼ ਨੂੰ ਕਤਾਰਬੰਦ ਹੋਣ ਬਾਰੇ।

ਸਤਿਗੁਰੂ ਜੀ ਨੇ ਉੱਤਰ ਦਿਤਾ: ਲਿਖ ਲਓ ਤੇ ਵਿਖਾ ਲਓ ਜੇ।

ਸੇਠ 'ਪ੍ਰੀਤਮ'

ਮੁਨਸ਼ੀ ਮੰਗਲ ਸਿੰਘ ਜਗਜੀਤ ਨਗਰ ਦਿੱਲੀਓਂ ਆਇਆ ਮਿਲਿਆ। ਉਸ ਦਸਿਆ: ਸੇਠ ਗੁਰਬਖਸ਼ ਸਿੰਘ 'ਪ੍ਰੀਤਮ' ਤੁਹਾਨੂੰ ਬਹੁਤ ਯਾਦ ਕਰਦੇ ਸਨ। ਉਹਨਾਂ ਦਾ ਲੜਕਾ ਸੁਦਰਸ਼ਨ ਸਿੰਘ ਤੇ ਸੁਰੰਮ੍ਰਿਤ ਸਿੰਘ ਵੀ ਅੱਜ ਕਲ ਉਨ੍ਹਾਂ ਦੇ ਪਾਸ ਹਨ। ਉਹਨਾਂ ਦੀ ਮਾਤਾ, ਭ੍ਰਾਤਾ ਧੀਰ ਤੇ ਪਤਨੀ ਵੀ ਆਏ ਹੋਏ ਹਨ। ਅਗੇ ਨਾਲੋਂ ਸਿਹਤ ਕੁਛ ਵੱਲ ਹੈ। ਉਹ ਬੁਧਵਾਰ ਤਕ ਵਾਪਸ ਬੈਂਕੋਕ (ਥਾਈਲੈਂਡ) ਲਈ, ਹਵਾਈ ਜਹਾਜ਼ ਤੇ ਚਲੇ ਜਾਣਾਂ ਚਾਹੁੰਦੇ ਹਨ। ਜਾਣ ਤੋਂ ਪਹਿਲਾਂ ਇਕ ਵਾਰ ਤੁਹਾਨੂੰ ਤੇ ਸੰਤ ਰਤਨ ਸਿੰਘ ਲਾਂਗਰੀ ਨੂੰ ਮਿਲਣਾ ਚਾਂਹਦੇ ਹਨ।

ਮੈਂ ਦੀਵਾਲੀ, ਅੰਮ੍ਰਿਤਸਰ ਲਈ ਤਿਆਰ ਸਾਂ— ਬਿਲਕੁਲ ਹੀ ਤਿਆਰ। ਪਰ ਇਰਾਦਾ ਫੌਰਨ ਬਦਲ ਲਿਆ ਕਿਉਂਕਿ ਗੁਰਬਖਸ਼ ਸਿੰਘ ਜੀ ਸੇਠ ਮੇਰੇ ਪਰਮ ਮਿਤ੍ਰ ਤੇ ਸਨੇਹੀ ਹਨ। ਉਹਨਾ ਨੂੰ ਤਾਂ ਉਂਜ ਹੀ ਬਿਮਾਰੀ ਸਮੇਂ ਮੇਰਾ ਮਿਲ ਜਾਣਾ ਜ਼ਰੂਰੀ ਸੀ। ਪਰ ਜੇਬ ਦੀ ਤੰਗੀ ਤੇ ਹੜਾਂ ਦੀ ਭਰਮਾਰ ਕਾਰਨ ਨਿਕਲਿਆ ਨਾ ਗਿਆ। ਮੈਂ ਮੰਗਲ ਸਿੰਘ ਹੁਰਾਂ ਨੂੰ ਕਿਹਾ: ਜ਼ਰੂਰ ਜਾਵਾਂਗਾ ਦਿਲੀ, ਦੀਵਾਲੀ ਨਹੀਂ ਜਾਵਾਂਗਾ।

ਕੁਝ ਭਾਰਤੀ ਮਿਤ੍ਰ ਦੀ ਵੀ ਮੈਨੂੰ ਚਿੰਤਾ ਸੀ, ਉਹਨੂੰ ਵੀ ਜਾਕੇ ਮਿਲ ਆਵਾਂਗਾ।

ਨਿਤਨੇਮ ਦੇ ਪਿਛੋਂ ਸਤਿਗੁਰੂ ਜੀ ਪਾਸ ਗਿਆ। ਭੋਗ ਪੈਣ ਤੇ ਰੈਜ਼ੋਲੀਊਸ਼ਨ ਸਤਿਗੁਰੂ ਜੀ ਅਤੇ ਮਾ: ਨਿਹਾਲ ਸਿੰਘ ਹੁਰਾਂ ਨੂੰ ਸੁਣਾਏ। ਬਿਨਾ ਇਕ ਅੱਖਰ ਦੀ ਕੱਟ ਵੱਢ ਤੋਂ ਸਤਿਗੁਰੂ ਜੀ ਨੇ ਪਰਵਾਨ ਕਰ ਲਏ।

੧੪ ਅਕਤੂਬਰ ਤੋਂ ਮੈਂ ਨਾਮਧਾਰੀਆ ਨਾਲ ਸੰਬੰਧਤ ਰਹਿਤ ਮਰਿਆਦਾ ਤੇ ਪੁਸਤਕਾ ਲਿਖਣੀ ਆਰੰਭ ਕੀਤੀ ਹੋਈ

Sri Satguru Jagjit Singh Ji Elibrary NamdhariElibrary@gmail.com

ਸੀ ਉਸਦਾ ਕੁਛ ਖਰੜਾ, ਘਰ ਆਕੇ ਮਾਸਟਰ ਨਿਹਾਲ ਸਿੰਘ ਹੁਰਾਂ ਨੂੰ ਸੁਣਾਇਆਂ ਤਾਂ ਕਹਿਣ ਲਗੇ : ਜ਼ਰੂਰ ਲਿਖ। ਨਾਮਧਾਰੀਆਂ ਦੀ ਲੋੜ ਹੈ।

੨੬ ਅਕਤੂਬਰ ੧੯੬੨
ਜੀਵਨ ਨਗਰ

ਸਤਿਗੁਰੂ ਜੀ ਨੂੰ ਅਮਰ ਭਾਰਤੀ ਜੀ ਲਈ ਲੁੜੀਂਦੇ ਸ਼ਰਬਤ ਅਤੇ ਅਰਕ ਦੀਆਂ ਚੀਜ਼ਾਂ ਯਾਦ ਕਰਵਾ ਕੇ, ਸ਼ਹਿਰੋਂ ਮੰਗਵਾਈਆਂ।

ਸਤਿਗੁਰੂ ਜੀ ਅਜ ਸਾਰਾ ਦਿਨ ਕੁਝ ਲੋਕਾਂ ਦੇ ਮਸਲਿਆਂ ਬਾਰੇ ਗੱਲ ਬਾਤ ਸੁਣਦੇ ਰਹੇ, ਫੇਰ ਸੋਚਦੇ ਰਹੇ ਅੰਤ ਰਾਤ ਨੂੰ ਫੈਸਲੇ ਦਿਤੇ। ਅਨ੍ਹੇਰਾ ਹੋਣ ਤਕ ਬਗੀਚੇ ਵਿਚ ਹੀ ਬੈਠੇ ਰਹੇ।

ਸੰਗੀਤ ਸਭਾ

ਅਜ ਮਹਾਰਾਜ ਬੀਰ ਸਿੰਘ ਜੀ ਆ ਗਏ ਸਨ। ਸਵੇਰੇ ਵਾਰ ਤੋਂ ਬਆਦ ਜਦ ਸੰਗੀਤ ਸਭਾ ਹੋਈ ਤਾਂ ਮੈਂ ਵੀ ਸੁਣਨ ਨੂੰ ਚਲਾ ਗਿਆ। ਮੈਨੂੰ ਸੰਤ ਰਤਨ ਸਿੰਘ ਹੁਰਾਂ, ਓਥੇ ਪਹੁੰਚਣ ਲਈ, ਉਚੇਚਿਆਂ ਕਿਹਾ ਸੀ। ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤਾਂ ਉਨ੍ਹਾਂ ਮੇਰਾ ਹੱਥ ਬੜੇ ਪਿਆਰ ਦਬਾਇਆ ਤੇ ਨਜ਼ਦੀਕ ਆਕੇ ਬੈਠਣ ਲਈ ਆਖਿਆ ਵਿਦਿਆਰਥੀ ਜਿਨ੍ਹਾਂ ਵਿਚੋਂ ਠਕਰ ਦਲੀਪ ਸਿੰਘ ਵੀ ਸਨ ਨੇ ਸੁਹਣਾ ਗੰਵਿਆਂ। ਮਹਾਦੇਉ ਜੀ ਕੱਥਕ, ਹਜ਼ੂਰ ਸਿੰਘ ਚੰਦਰ ਹਾਂਸ ਅਤੇ ਸਤਿਗੁਰੂ ਜੀ ਨੇ ਵੀ ਗੰਵਿਆਂ।

ਅਜ ਸਤਿਗੁਰੂ ਜੀ, ਕੋਠੀ ਦੇ ਅੰਦਰ ਬੈਠ ਕੇ ਬਹੁਤਾ ਸਮਾਂ ਮਹਾਰਾਜ ਜੀ ਨਾਲ ਵਿਚਾਰ ਵਟਾਂਦਰਾ ਚਰਦੇ ਰਹੇ।

ਚੀਨ ਨਾਲ ਮੋਰਚੇ ਦਾ ਫਿਕਰ ਸਵਾਰ ਰਿਹਾ ਅਤੇ ਅਜ ਮੁਖ ਲੇਖ ਲਿਖ ਦਿਤਾ "ਨਹਿਰੂ ਤੇ ਮੈਨਨ। ਅਸੀਂ ਤੁਹਾਡੀ ਪਿੱਠ ਤੇ ਹਾਂ।"

੨੭ ਅਕਤੂਬਰ ੧੯੬੨
ਜੀਵਨ ਨਗਰ

ਸਤਿਗੁਰੂ ਜੀ ਤੇ ਮਹਾਰਾਜ ਜੀ ੩ ਵਜੇ ਸਵੇਰੇ ਦੀਵਾਲੀ ਅੰਮ੍ਰਿਤਸਰ ਲਈ ਚਲੇ ਗਏ।

ਮੈਂ ਦਿੱਲੀ ਜਾਣ ਲਈ ਸਰਸੇ ਨੂੰ ਜਾਣਾ ਸੀ। ਪਰ ਸ਼ਰਬਤ ਖੁਨੇ ਮੁਸਫਾ ਅਤੇ ਅਰਕ (ਅਮਰ ਭਾਰਤੀ ਲਈ ਦਾ ਪਤਾ ਤਰਨ ਗਿਆ। ਸੰਤ ਰਤਨ ਸਿੰਘ ਹੁਰਾਂ ਕੋਲ ਤਾਂ ਬਰੋਜ਼ਾ, ਛੋਟੀ ਇਲਾਹਿਚੀ ਤੇ ਚੰਦਨ ਦਾ ਅਰਕ ਬਣਦਿਆਂ ਹੀ ਇਕ ਵਜ ਗਿਆ। ਬੜੀ ਮੁਸ਼ਕਲ ਨਾਲ ੪ ਵਜੇ ਸਰਸੇ ਪਹੁੰਚਾ, ਦਿੱਲੀ ਜਾਣ ਵਾਸਤੇ।

ਚੀਨ ਨਾਲ ਸਰਹਦੀ ਜੰਗ ਛਿੜੀ ਹੋਈ ਕਾਰਨ ਦੀਵਾਲੀ ਬਾਰੇ ਲੋਕਾਂ ਵਿਚ ਕੋਈ ਉਤਸਾਹ ਨਹੀਂ।

੨੯ ਅਕਤੂਬਰ ੧੯੬੨
ਦਿੱਲੀ
ਸੇਠ ਪ੍ਰੀਤਮ ਦੀ ਕੋਠੀ

ਰਾਤ ਰਿਵਾੜੀ ਹੀ, ਸਾਡਾ ਰੇਲ ਡੱਬਾ ਖਲੋਤਾ ਰਿਹਾ : ੬-੩੦ ਸਵੇਰੇ ਤਕ ਜਦੋਂ ਅਸਾਂ ਦਿਲੀ ਪਹੁੰਚ ਜਾਣਾ ਸੀ। ਮਸਾਂ ਰਿਵਾੜੀਓਂ ਹੀ ਚੱਲੇ। ਮਹਾਵੀਰ ਕੱਥਕ ਮੇਰੇ ਨਾਲ ਸੀ। ੧੦-੩੦ ਵਜੇ ਅਸੀਂ ਦਿੱਲੀ ਪਹੁੰਚੇ ਤਾਂ ਮਹਾਂਵੀਰ ਤੋਂ ਵੱਖ ਹੋ ਮੈਂ ਸੇਠ ਗੁਰਬਖਸ਼ ਸਿੰਘ ਪ੍ਰੀਤਮ ਜੀ ਦੀ ਕੋਠੀ ਨੂੰ ਤੁਰ ਪਿਆ। ਕੋਠੀ ਪਹੁੰਚਣ ਤੇ ਵੇਖਿਆ ਸਾਰਾ ਪਰਵਾਰ ਜਮਾ ਸੀ। 'ਪ੍ਰੀਤਮ' ਜੀ ਵੀ ਸਿਹਤ ਵੇਖਣ ਨੂੰ ਤਾਂ ਚੰਗੀ ਸੀ, ਪਰ ਸਰੀਰ ਉਕਾ ਨਿਤਾਣਾਂ ਹੋ ਗਿਆ ਸੀ। ਲੰਮੇਂ ਪਿਆਂ ਪਿਆਂ ਹੀ ਗਲ ਲਗ ਕੇ ਮਿਲੇ। ਰੋ ਪਏ। ਉਹਨਾਂ ਅੰਦਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਤੇ ਪਰਵਾਰ ਵਿਚ ਵਾਪਰੀ ਜ਼ਿਆਦਤੀ ਦਾ ਕਾਫੀ ਵੱਡਾ ਸੱਲ ਹੈ। ਬਿਮਾਰੀ ਦਾ ਕਾਰਨ ਵੀ ਇਹੋ ਹੈ। ਮੈਂ ਧੀਰਜ ਦਿਤੀ ਤੇ ਸਾਰਾ ਦਿਨ ਕੋਲ ਹੀ ਰਿਹਾ। ਮੇਰਾ ਬਿਦ ਲਈ ਵੀ ਦੂਰ ਜਾਣ ਤੇ ਜੀ ਨਹੀਂ ਸੀ ਕਰਦਾ। ਸੇਠ ਜੀ ਦੇ ਘਰੋਂ ਬੀਬੀ ਪਰਕਾਸ਼ ਮੇਰੀ ਸੇਵਾ ਆਪਣੇ ਹੱਥੀਂ ਕਰਦੀ ਰਹੀ। ਸੁਦਰਸ਼ਨ ਸਿੰਘ ਅਤੇ ਸੁਮ੍ਰਿਤ ਸਿੰਘ, ਸੇਠ ਜੀ ਦੇ ਲੜਕੇ ਵੀ ਮੇਰੇ ਨਾਲ ਕਾਫੀ ਸਨੇਹ ਕਰਦੇ ਹਨ ਤੇ ਮੈਨੂੰ ਪਰਵਾਰ ਦੇ ਇਕ ਨਿਘੇ ਮੈਂਬਰ ਜਿੰਨਾ ਹੀ ਮਾਣ ਸਤਿਕਾਰ ਦਿੰਦੇ ਹਨ। ਸਬਬ ਨਾਲ ਸ: ਸੁਰਿੰਦਰ ਸਿੰਘ ਸੇਠੀ (ਸੇਠ ਜੀ ਦਾ ਸਾਲਾ) ਵੀ ਏਥੇ ਹੀ ਸੀ। ਚਿਰ ਪਿਛੋਂ ਮਿਲੇ ਸਾਂ, ਸਮਾਜ ਉਨਤੀ ਦੀਆਂ ਬਹੁਤ ਸਾਰੀਆਂ ਗੱਲਾਂ ਬਾਤਾਂ ਹੋਈਆਂ।

ਅੱਜ ੫ ਤੋਂ ੬ ਤਕ ਕਿਸੇ ਵੇਲੇ ਵੀ ਸਫਦਰ ਜੰਗ

Sri Satguru Jagjit Singh Ji Elibrary NamdhariElibrary@gmail.com

ਹਵਾਈ ਅੱਡੇ ਤੇ ਸਤਿਗੁਰੂ ਜੀ ਦੀ ਆਮਦ ਦੀ ਉਡੀਕ ਸੀ। ਉਹ ਜਲੰਧਰੋਂ ਆ ਰਹੇ ਸਨ। ਅਸੀਂ ਵੀ ਸਾਰਾ ਪਰਵਾਰ ਅੱਡੇ ਤੇ ਪਹੁੰਚੇ। ਬਹੁਤ ਸਾਰੇ ਸਿਆਮੀ ਸੇਠ ਤੇ ਦਿੱਲੀ ਦੇ ਪ੍ਰਤਿਸ਼ਟ ਸਰੀਰ ਅਗੇ ਹੀ ਹਵਾਈ ਅਡੇ ਤੇ ਪਹੁੰਚੇ ਹੋਏ ਸਨ। ਪੌਣੇ ੬ ਵਜੇ ਸਤਿਗੁਰੂ ਜੀ ੪ ਸੀਟਾਂ' ਵਾਲੇ ਜਹਾਜ਼ ਤੋਂ ਉਤਰੇ ਨਾਲ ਠਾਕਰ ਜੀ ਤੇ ਸੰਤ ਖਜ਼ਾਨ ਸਿੰਘ ਸਨ। ਅਸੀਂ ਸਭ ਅੰਦਰ ਜਾ ਕੇ ਸਤਿਗੁਰਾਂ ਦੇ ਚਰਨੀਂ ਲਗੇ। ਮੇਰੇ ਵਲ ਉਤਾਂ ਇਕ ਨਜ਼ਰ ਨਾਲ ਤੱਕਿਆ, ਫੇਰ ਅੱਖ ਸਾਂਝੀ ਨਹੀਂ ਕੀਤੀ।

ਏਥੋਂ ਕਾਰ ਤੇ ਬੈਠ ਰਮੇਸ਼ ਨਗਰ ਲਈ ਤੁਰੇ। ਪਰ ਰਾਹ ਵਿਚ ਵਲਿੰਗਡਨ ਹਸਪਤਾਲ ਵਿਚ ਸ. ਰਘੁਬੀਰ ਸਿੰਘ ਪੰਜ ਹਜ਼ਾਰੀ ਨੂੰ ਮਿਲਣ ਗਏ, ਪਰ ਕੱਲੇ ਹੀ ਗਏ ਹਾਂ ਸੇਠ ਸੁਦਰਸ਼ਨ ਜੀ ਨੂੰ ਨਾਲ ਲੈ ਹੀ ਲਿਆ।

ਅਸੀਂ ਵੀ ਪੰਜ ਹਜ਼ਾਰੀ ਨੂੰ ਅਜ ਦੁਪਹਿਰੇ ਮਿਲੇ ਸਾਂ। ਪੰਜ ਹਜ਼ਾਰੀ ਐਮ. ਪੀ. ਹੈ। ਸਤਿਗੁਰਾਂ ਨਾਲ ਇਹਦਾ ਬਹੁਤ ਗੂੜ੍ਹ ਹੈ। ਕਈ ਵਾਰ ਇਸ ਨੂੰ ਅਫਰੀਕਾ ਅਤੇ ਸਿਆਮ ਲੈ ਗਏ ਹਨ। ਅੱਜ ਰਾਤੀਂ ਚੋਰੀ ਹੀ ਹਸਪਤਾਲੋਂ ਕਾਂਗ੍ਰਸ ਪਾਰਲੀਮੈਂਟਰੀ ਕਮੇਟੀ ਦੀ ਮੀਟਿੰਗ ਵਿਚ ਚਲਾ ਗਿਆ ਸੀ। ਹਸਪਤਾਲ ਵਾਲੇ ਵਿਸ਼ੇਸ਼ ਮਰੀਜ਼ ਨੂੰ ਭਾਲਦੇ ਰਹੇ। ਡਾ: ਖੋਸਲਾ ਜਿਸ ਦੇ ਇਹ ਚਾਰਜ ਵਿਚ ਸੀ, ਕਾਫੀ ਔਖਾ ਸੀ।

ਮੈਂ ਤਾਂ ਸੇਠ ਗੁਰਬਖਸ਼ ਸਿੰਘ ਦੀ ਕੋਠੀ ਆ ਰਿਹਾ। ਸੇਠ ਹੁਰਾਂ ਦੇ ਲੜਕੇ ਸਤਿਗੁਰੂ ਜੀ ਪਾਸ ਸ੍ਰ. ਭਗਵਾਨ ਸਿੰਘ ਦੀ ਕੋਠੀ ਰਾਜੌਰੀ ਗਾਰਡਨ ਵਿਚ ਅੱਧੀ ਰਾਤ ਰਹੇ।

੩੦ ਅਕਤੂਬਰ ੧੯੬੨
ਦਿੱਲੀ

ਰਾਤੀਂ ਮਹਾਰਾਜ ਬੀਰ ਸਿੰਘ ਜੀ ਕਾਰ ਰਾਹੀਂ ਦਿੱਲੀ ਪਹੁੰਚੇ, ਅੱਜ ਸਵੇਰੇ, ਰਮੇਸ਼ ਨਗਰ, ਮਸਤਾਨਾ ਪ੍ਰਤਾਪ ਸਿੰਘ ਦੇ ਲੜਕੇ ਅਤੇ ਸ੍ਰ. ਗਿਆਨ ਸਿੰਘ ਮੰਡੀ ਵਾਲੇ ਦੀ ਲੜਕੀ ਦਾ ਆਨੰਦਕਾਰਜ ਹੋਇਆ।

੮ ਵਜੇ ਦਿਨੇ ਸਤਿਗੁਰੂ ਜੀ, ਮਹਾਰਾਜ ਜੀ ਤੇ ਠਾਕੁਰ ਦਲੀਪ ਸਿੰਘ ਫਲਾਇੰਗ ਕੱਲਬ ਜਲੰਧਰ ਦੇ ਜਹਾਜ਼ ਤੇ ਹੀ ਡਾਲਟਨ ਗੰਜ ਲਈ ਉਡ ਗਏ।

ਮੈਂ ਤਾਂ ਸੇਠ ਗੁਰਬਖਸ਼ ਸਿੰਘ ਪ੍ਰੀਤਮ ਪਾਸ ਹੀ ਰਿਹਾ। ਏਥੇ ਹੀ ਮੈਨੂੰ ਸੰਤ ਮੰਗਲ ਸਿੰਘ ਲਾਇਲਪੁਰੀ, ਚਿਰੋਕਣੇ ਮਿਤ੍ਰ ਆ ਮਿਲੇ।

'ਪ੍ਰੀਤਮ' ਪ੍ਰੀਤਮ

ਸ਼ਾਮ ਨੂੰ ਮੈਂ ਸੇਠ ਪ੍ਰੀਤਮ ਜੀ ਤੋਂ ਭਿੱਜੀਆਂ ਅੱਖਾਂ ਨਾਲ ਵਿਦਾ ਲਈ। ਇਹਨਾਂ ਅਗਲੇ ਦਿਨ ਸਵੇਰੇ ੫ ਵਜੇ ਹੀ ਬੈਂਕੋਕ ਲਈ ਜਹਾਜ਼ ਫੜਨਾ ਸੀ। ਮੇਰੇ ਸਤਿ ਸ੍ਰੀ ਅਕਾਲ ਕਹਿਕੇ ਤੁਰ ਆਉਣ ਬਾਅਦ ਸੇਠ ਹੁਰਾਂ ਫੇਰ ਮੈਨੂੰ ਸਦਿਆ ਤੇ ੫੦/- ਦਾ ਨੋਟ ਫੜਾਕੇ ਜ਼ੋਰ ਨਾਲ ਕਹਿਣ ਲਗੇ : ਇਹ ਜ਼ਰੂਰ ਰਖ। ਮੈਂ ਤਾਂ ਇਕ ਰੁਪੈ ਬਾਰੇ ਵੀ ਨਹੀਂ ਸਾਂ ਸੋਚਦਾ। ਬਿਮਾਰ ਸੱਜਣ ਨੂੰ ਮੇਰਾ ਮਿਲਣ ਜਾਣਾ ਸੁਭਾਵਕ ਹੀ ਬਣਦਾ ਸੀ। ਮੈਨੂੰ ਰੁਪਏ ਦੇਂਦਿਆਂ ਗੁਰਬਖਸ਼ ਸਿੰਘ ਜੀ ਰੋ ਪਏ। ਮੇਰੇ ਇਸਰਾਰ ਨੂੰ ਨਾ ਮੰਨਿਆ। ਸੇਠ ਜੀ ਦੇ ਤੇ ਪਤਨੀ ਵੀ ਏਸੇ ਗੱਲ ਤੇ ਅੜੇ ਹੋਏ ਸਨ।

ਸ਼ਾਮਾਂ ਨੂੰ ਮੈਂ ਤੇ ਮੰਗਲ ਸਿੰਘ ਜੀ ਅਮਰ ਭਾਰਤੀ ਜੀ ਪਾਸ ਹਰੀ ਨਗਰ ਆ ਗਏ। ਸ਼ਰਮ ਸਿੰਘ ਮਨਧੀਰ ਪਹਿਲਾਂ ਹੀ ਏਥੇ ਸੀ। ਭਾਰਤੀ ਜੀ ਦੀ ਸਿਹਤ ਹੁਣ ਵੱਲ ਸੀ। ਪਰ ਘਰ ਵਿਚ ਇਸਤਰੀ ਨ ਹੋਣ ਕਰਕੇ ਘਰ ਦੀ ਦਸ਼ਾ ਸੋਗੀ ਜਿਹੀ ਸੀ। ਦੁੱਧ ਪੀ ਡਬਲ ਰੋਟੀਆਂ ਖਾ ਕੇ ਅਸੀਂ ਸੌਂ ਗਏ।

ਪਰਸਪਰ ਮਿਲ ਕੇ ਬਹੁਤ ਖੁਸ਼ੀ ਹੋਈ। ਗੱਲਾਂ ਵੀ ਖੂਬ ਕੀਤੀਆਂ। ਪਰ ਰਾਤੀਂ ਮੋਟੇ ਮੋਟੇ ਮੱਛਰਾਂ ਨੇ ਵੀ ਚੈਨ ਨਹੀਂ ਲੈਣ ਦਿਤਾ।

੫ ਨਵੰਬਰ ੧੯੬੨
ਵਾਪਸੀ

ਸਵੇਰੇ ਪੰਜ ਵਜੇ ਦੀ ਬਸ ਸਰਸੇ ਲਈ ਫੜਨ ਵਾਸਤੇ ਮੈਨੂੰ ਸੰਤ ਮੰਗਲ ਸਿੰਘ ਜੀ ਦਾ ਲੜਕਾ ਕਰਤਾਰ ਸਿੰਘ ਸਾਈਕਲ ਤੇ ਬਹਾ ਜੁਖੀਰਾ ਅੱਡੇ ਤੇ ਛਡ ਗਿਆ। ਸਬਬ ਨਾਲ ਇਕ ਕਾਰ ਲੰਘੀ ਜੁ ਪੈਟ੍ਰੋਲ ਪੰਪ ਤੇ ਰੁਕ ਗਈ। ਮੇਰੇ

Sri Satguru Jagjit Singh Ji Elibrary NamdhariElibrary@gmail.com

ਅੰਦਰ ਨੇ ਗਵਾਹੀ ਦਿਤੀ ਕਿ ਮਹਾਰਾਜ ਜੀ ਦੀ ਕਾਰ ਹੈ। ਮੈਂ ਦੌੜ ਕੇ ਜਾ ਪਤਾ ਕੀਤਾ ਮਹਾਰਾਜ ਬੀਰ ਸਿੰਘ ਜੀ ਦੀ ਕਾਰ ਸੀ। ਉਹ ਨਿਤ ਨੇਮ ਕਰ ਰਹੇ ਸਨ।

ਇਸ਼ਾਰਾ ਪਾਕੇ ਮੈਂ ਸਾਮਾਨ ਲੈ ਕਾਰ ਵਿਚ ਆ ਬੈਠਾ। ਮਹਾਰਾਜ ਜੀ ਆਪ ਕਾਰ ਡਰਾਈਵ ਕਰ ਰਹੇ ਸਨ। ਸ੍ਰ. ਤੇਜਾ ਸਿੰਘ ਸਾਬਕ ਐਮ. ਐਲ. ਸੀ. ਸਰਸਾ ਉਹਨਾਂ ਦੇ ਨਾਲ ਬੈਠੇ ਸਨ। ਮੈਂ, ਸੰਤ ਖਜ਼ਾਨ ਸਿੰਘ ਤੇ ਠਾਕੁਰ ਜੀ ਗੱਲਾਂ ਬਾਤਾਂ ਕਰਦੇ ਰਹੇ ਤੇ ੧੦-੫੦ ਦਿਨੇ ਸਰਜੇ ਆ ਪਹੁੰਚੇ।

ਮਾਲੂਮ ਹੋਇਆ ਕਿ ਸਰਸਿਓਂ ਜੀਵਨ ਨਗਰ ਤਕ ਦਾ ਰਾਹ ਬਰਸਾਤਾਂ ਕਾਰਨ ਠੀਕ ਨਹੀਂ, ਜੋ ਜੀਪ ਲੈ ਕੇ ੧-੧੫ ਤਕ ਜੀਵਨ ਨਗਰ ਅਪੜ ਗਏ।

੫ ਨਵੰਬਰ ੧੯੬੨
ਜੀਵਨ ਨਗਰ

ਮੈਨੂੰ ਦਿੱਲੀਓਂ ਆਕੇ ਜ਼ੁਕਾਮ ਹੋ ਗਿਆ ਸੀ, ਪਰ ਮੈਂ ਫੇਰ ਵੀ ਸੰਤ ਤਰਨ ਸਿੰਘ ਵਹਿਮੀ ਦੇ ਸਪੁਤ੍ਰ ਸਾਧੂ ਸਿੰਘ ਹੁਰਾਂ ਨੂੰ ਹਵਾਲਾਤ ਰਾਣੀਆਂ ਵਿਚ ਮਿਲਣ ਗਿਆ। ੬-੭ ਹੋਰ ਵੀ ਨਾਮਧਾਰੀ ਏਥੇ ਬੰਦ ਸਨ ਜਿਨ੍ਹਾਂ ਨੂੰ ਨਾਲੀ ਦੀ ਪੂਰਬੀ ਨਹਿਰ ਦੇ ਕੱਟ ਬਾਰੇ ਫੜ ਰਖਿਆ ਹੈ। ਸਿੰਘ ਮਨੋਬਲ ਕਰਕੇ ਤਗੜੇ ਹੀ ਹਨ।

੭ ਨਵੰਬਰ ੧੯੬੨
ਸਰਸਾ

ਸਵੇਰੇ ਸਵੇਰੇ ਮਹਾਰਾਜ ਜੀ ਨੇ ਮੈਨੂੰ ਆਖਿਆ ਜੇ ਮੈਂ ਸਰਸੇ ਜਾਣਾ ਹੋਵੇ ਤਾਂ ਜੀਪ ਤਿਆਰ ਹੈ। ਸੋ ਮੈਂ ਅਮਰ ਸਿਘ ਨੰਬਰਦਾਰ ਜੀਵਨ ਨਗਰ ਨਾਲ ਬੈਠਕੇ ਸਰਸੇ ਪਹੁੰਚਿਆ।

ਏਥੇ ਸ. ਤੇਗਾ ਸਿੰਘ ਦੀ ਮੁਲਾਕਾਤ ਨੂੰ ਗਿਆ ਤਾਂ ਕਚਹਿਰੀ ਵਿਚ ਸ, ਸਾਧੂ ਸਿੰਘ ਬੁਢੀ ਮਾੜੀ ਆਦਿਕ ਬਹੁਤ ਸਾਰੇ ਨਾਮਧਾਰੀ ਮਿਲੇ ਜਿਨ੍ਹਾਂ ਨੂੰ ਹਥਕੜੀਆਂ ਲਗੀਆਂ ਹੋਈਆਂ ਸਨ। ਏਹ ਜ਼ਮਾਨਤਾਂ ਲਈ ਤਾਰੀਖਾਂ ਲੈਣ ਆਏ ਸਨ। ਪਰ ਅਨ੍ਹੇਰਾ ਹੋਣ ਕਾਰਨ ਕੋਈ ਅਫਸਰ ਵੀ ਅਦਾਲਤ ਵਿਚ ਨਾ ਆਇਆ। ਸਭ ਵਾਰ ਫੰਡ ਦੀ ਉਗਰਾਹੀ ਚੜ੍ਹੇ ਹੋਏ ਹਨ।

ਮੈਨੂੰ ਇੰਜ ਭਾਸਦਾ ਹੈ ਕਿ ਇਹ ਬਹੁਤਾ ਜ਼ੋਰ ਵਾਰ ਫੰਡ ਦੇ ਨਾਂ ਤੇ ਪੈਸੇ ਉਗ੍ਰਾਹੁਣ ਦਾ ਹੈ। ਲੋਕਾਂ ਨੂੰ ਇਹ ਪੈਸੇ ਜਬਰੀ ਵੀ ਭਰਨੇ ਪੈ ਰਹੇ ਹਨ, ਸ਼ੌਕ ਨਾਲ ਵੀ ਕੁਝ ਲੋਕ ਦਿੰਦੇ ਹਨ। ਅਫਸਰ ਸ਼ਾਹੀ ਨਾਜਾਇਜ਼ ਭਾਰ ਪਾਣੋਂ ਵੀ ਸੰਕੋਚ ਨਹੀਂ ਕਰਦੀ ਆਪਣਾ ਰਸੂਖ ਤੇ ਦੇਸ਼ ਭਗਤੀ ਪ੍ਰਗਟਾਣ ਲਈ।

੮ ਨਵੰਬਰ ੧੯੬੨
ਸਰਸਾ

ਮੈਂ ੧੦- ੦ ਵਜੇ ਸ੍ਰ. ਤੇਗਾ ਸਿੰਘ ਨੂੰ ਮਿਲ ਸਕਿਆ ਉਹ ਸਰਸਾ ਜੇਲ ਵਿਚ ਹੈ। ਕੇਲਿਆਂ ਦੀ ਦਰਜਨ ਲੈ ਗਿਆ ਸਾਂ ਸਿਪਾਹੀ ਅਤੇ ਡਿਪਟੀ ਜੇਲ ਕੇਲਿਆਂ ਵਿਚ ਵੀ ਹਿਸਾ ਵਟਾਣੋਂ ਨਾ ਰਹੇ। ਡਿਪਟੀ ਨੂੰ ਤਾਂ ਮੈਂ ਆਪ ਹੀ ਦਿਤੇ ਜਦੋਂ ਕਿ ਪੁਲਿਸ ਵਾਲਿਆਂ ਭੁਖਿਆਂ ਵਾਂਗ ਥੈਲੇ ਚੋਂ ਕੱਢ ਲਏ।

੩ ਵਜੇ ਤਕ ਮੈਂ ਜੀਵਨ ਨਗਰ ਮੁੜ ਆਇਆ।

ਅੱਜ ਸ਼ਾਮੀਂ ਮਹਾਰਾਜ ਬੀਰ ਸਿੰਘ ਜੀ ਮੇਰੇ ਡੇਰੇ ਆਏ। ਬੈਠੇ। ਡਾਕ ਵੇਖਣ ਲਗੇ ਤਾਂ ਇਕ ਤਾਰ ਮਿਲੀ ਜਿਸ ਵਿਚ ਪ੍ਰੀਤਮ ਸਿੰਘ ਕਵੀ ਨੂੰ ਮੰਗਲ ਸਿੰਘ ਲਾਇਲਪੁਰੀ ਵਲੋਂ 'ਸਤਿਜੁਗ' ਲਈ ਕਾਗਜ਼ ਦਾ ਕੋਟਾ ਪਰਵਾਨ ਕਰਵਾਣ ਲਈ ਜ਼ਰੂਰੀ ਕਾਗਜ਼ਾਤ ਲੈਕੇ ਆਉਣ ਲਈ ਕਿਹਾ ਗਿਆ ਸੀ।

ਮਹਾਰਾਜ ਜੀ ਨੇ ਕਿਹਾ ਮੈਂ ਦਿਲੀ ਚਲਾ ਜਾਵਾਂ। ਉਹਨਾਂ ਨਾਲ ਸੰਤ ਰਣਜੀਤ ਸਿੰਘ ਬਾਜਵਾ ਨੂੰ ਵੀ ਖੜਨ ਲਈ ਕਿਹਾ, ਜੋ ਕਿ ਸਤਿਜੁਗ ਦਾ ਮੈਨੇਜਰ ਹੈ, ਤਾਕਿ ਕੰਮ ਹਰ ਪਰਕਾਰ ਹੋ ਜਾਵੇ।

ਮੈਂ ਪਰਸੋਂ ਜਾਣ ਦਾ ਪ੍ਰੋਗਰਾਮ ਬਣਾ ਲਿਆ।

੨੦ ਨਵੰਬਰ ੧੯੬੨
ਪੰਜਾਵਾ

ਅਜ ਕਲ ਸਾਰੇ ਭਾਰਤੀਆਂ ਨੂੰ ਰੇਡੀਓ ਟ੍ਰਾਂਜ਼ਿਸਟਰਾਂ

Sri Satguru Jagjit Singh Ji Elibrary NamdhariElibrary@gmail.com

ਨਾਲ਼ ਡਾਢੀ ਦਿਲਚਸਪੀ ਹੋ ਗਈ ਹੈ – ਰੋਜ਼ਾਨਾਂ ਖਬਰਾਂ ਅਜ ਦੀ ਲੋੜ ਹਨ। ਚੀਨੀ ਪੇਸ਼ ਕਦਮੀ ਨਾਲ ਸਾਰੇ ਲੋਕਾਂ ਵਿਚ ਗ਼ਮ ਗੁਸੇ ਦੀ ਲਹਿਰ ਦੌੜ ਰਹੀ ਹੈ।

ਪਰ ਅੱਜ ਦਾ ਇਹ ਐਲਾਨ ਕਿ ਚੀਨ ਇਕ ਤਰਫਾ ਜੰਗਬੰਦੀ ਕਰ ਰਿਹਾ ਹੈ, ਸੁਣ ਕੇ ਜਾਨ ਸੌਖੀ ਹੋਈ।

੨੧ ਨਵੰਬਰ ੧੯੬੨
ਪੰਜਾਵਾ

ਚੀਨ ਵਲੋਂ ਜੰਗ ਬੰਦੀ ਹੋ ਗਈ। ਲੋਕਾਂ ਵਿਚ ਕੁਝ ਚੈਨ ਆਇਆ।

੨੫ ਨਵੰਬਰ ੧੯੬੨
ਜੀਵਨ ਨਗਰ

ਮਹਾਰਾਜ ਬੀਰ ਸਿੰਘ ਅਜੇ ਕੱਲ ਹੀ ਵਾਂਢ ਵਿਚੋਂ ਆਏ ਸਨ ਕਿ ਅਜ ਫਿਰ ਲਉਢੇ ਵੇਲੇ ਭੈਣੀ ਸਾਹਿਬ ਨੂੰ ਚਾਲੇ ਪਾ ਗਏ।

ਅੱਜ ਮੇਰੇ ਕਮਰੇ ਵਿਚ ਮੈਨੂੰ ਸ੍ਰ. ਅਵਤਾਰ ਸਿੰਘ ਤੇ ਸਾਧੂ ਸਿੰਘ (ਬੁੱਢੀ ਮਾੜੀ) ਹੁਰੀਂ ਮਿਲੇ। ਸਾਧੂ ਸਿੰਘ ਜੇਲ੍ਹ ਚੋਂ ਕੁਛ ਸਮੇਂ ਦੀ ਛੁਟੀ ਆਇਆ ਹੈ ਤਾ ਕਿ ਅਵਤਾਰ ਸਿੰਘ ਦੇ ਭਤੀਜੇ ਬਾਰੇ ਖੁਸ਼ੀਆਂ ਵਿਚ ਸ਼ਾਮਲ ਹੋ ਸਕੇ।

੨੭ ਨਵੰਬਰ ੧੯੬੨
ਜੀਵਨ ਨਗਰ

ਅੱਜ ਮੇਰੇ ਪਾਸ ਲੋਕਾਂ ਦੀ ਆਵਾਜਾਈ ਬਹੁਤ ਰਹੀ। ਮੇਰੀ ਜਗਹ ਸਵਾਰੀ, ਸ਼ਿੰਗਾਰੀ ਤੇ ਫੁਲਾਂ ਨਾਲ ਭਰੀ ਹੋਣ ਕਰ ਕੇ ਹਰੇਕ ਲਈ ਆਕਰਸ਼ਣ ਰਖਦੀ ਹੈ। ਅਖਬਾਰ ਪੜ੍ਹਨ ਦੇ ਸ਼ੌਕੀਨਾਂ ਤੇ ਕੁਛ ਵਿਹਲਿਆਂ ਦਾ ਦਿਲ ਪਰਚਾਉ ਅੱਡਾ ਹੈ।

ਰਾਤੀਂ ਨਾਮਧਾਰੀ ਸਾਹਿਤ ਸਭਾ ਦੀ ਮੀਟਿੰਗ ਸੀ। ੭ ਤੋਂ ੧੦-੩੦ ਤਕ ਮੀਟਿੰਗ ਜਾਰੀ ਰਹੀ। ਪਾਸ ਹੋਇਆ ਸਭਾ ਵਲੋਂ ੧੧-੦੦ ਡੀਫੈਂਸ ਫੰਡ ਲਈ ਦਿਤੇ ਜਾਣ: ਸਤਿਗੁਰਾਂ ਦੇ ਆਉਣ ਤੇ ਕਵੀ ਦਰਬਾਰ ਕੀਤਾ ਜਾਵੇ, ਜਿਦੀ ਸਮਸਿਆ ਹੋਵੇ, ਅੱਜ ਲੋੜ ਹੈ ਫੇਰ ਕੁਰਬਾਨੀਆਂ ਦੀ। ਕੁਝ ਬੇਪਰਵਾਹ ਮੈਂਬਰਾਂ ਤੋਂ ਚੰਦੇ ਉਗਰਾਹੇ ਗਏ। ਸਬੱਬ ਨਾਲ ਸੰਤ ਤਰਨ ਸਿੰਘ ਵਹਿਮੀ ਇਸ ਮੀਟਿੰਗ ਵਿਚ ਨਹੀਂ ਆ ਸਕੇ।

੧ ਦਸੰਬਰ ੧੯੬੨
ਜੀਵਨ ਨਗਰ

ਅੱਜ ਸਤਿਗੁਰੂ ਜੀ ਦੀ ਹਰ ਪਲ ਇੰਤਜ਼ਾਰ ਹੈ। ਮਹਾਰਾਜ ਬੀਰ ਸਿੰਘ ਜੀ ੩ ਕੁ ਵਜੇ ਹੀ ਜੀਪ ਲੈਕੇ ਸਤਿਗੁਰੂ ਜੀ ਨੂੰ ਸਰਸਿਓਂ ਲੈ ਆਉਣ ਵਾਸਤੇ ਗਏ।

ਸਤਿਗੁਰੂ ਜੀ ਰਾਤੀਂ ੭-੩੦ ਵਜੇ ਆ ਪਹੁੰਚੇ। ਮਿੰਟਾਂ ਵਿਚ ਹੀ ਜੀਵਨ ਨਗਰ ਦੇ ਵਾਸੀ ਜੁੜ ਗਏ ਤੇ ਸਭ ਨੇ ਹਾਰਦਿਕ ਖੁਸ਼ੀ ਮਹਿਸੂਸ ਕਰਦਿਆਂ ਚਰਨੀਂ ਹਥ ਲਾਇਆ। ਸਤਿਗੁਰੂ ਜੀ ਹਰੇਕ ਨਾਲ ਉਸਦੀ ਲੋੜ ਦੀ ਮਨੋਰੰਜਕ ਗਲ ਬਾਤ ਕਰਦੇ ਰਹੇ। ਅੰਤ ਨੂੰ ਬੜੇ ਵਿਨੋਦੀ ਢੰਗ ਨਾਲ ਮੇਰੇ ਵਲ ਮੁੜੇ ਤੇ ਕਹਿਣ ਲਗੇ : ਕਵੀ ਜੀ ਸਤਿ ਸ੍ਰੀ ਅਕਾਲ। ਮੈਂ ਕਿਹਾ : ਜੇ ਏਨਾ ਕੁ ਨਾ ਬੁਲਾਂਦੇ ਤਾਂ ਜਾਣਾ ਅੱਜ ਮੈਂ ਵੀ ਨਹੀਂ ਸੀ। ਕੁਛ ਨ ਕੁਛ ਸੁਣ ਕੇ ਹੀ ਜਾਣਾ ਸੀ, ਭਾਵੇਂ ਕਹਿ ਦਿੰਦਿਓ—ਜਾਓ ਹੁਣ। ਕੁਛ ਸਮਾਂ ਸਤਿਗੁਰੂ ਜੀ ਤੇ ਮਹਾਰਾਜ ਜੀ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਲੇ ਕਮਰੇ ਵਿਚ ਬੈਠਿਆਂ ਚੀਨ ਦੇ ਹਮਲੇ ਤੇ ਜੰਗ ਬੰਦੀ ਤੇ ਹੋਰ ਰਾਜਸੀ ਹਲ ਚਲਾਂ ਦਾ ਚਰਚਾ ਚਲਦਾ ਰਿਹਾ। ਏਥੇ ਹੀ ਮਹਾਰਾਜ ਜੀ ਨੇ 'ਤਿਆਗ ਦੀ ਭਾਵਨਾ' ਤੇ ਲਿਖਿਆ ਮੇਰਾ ਲੇਖ, ਮੈਨੂੰ ਲਿਆ ਕੇ ਸੁਣਾਨ ਲਈ ਕਿਹਾ। ਸਤਿਗੁਰਾਂ ਲੇਖ ਨੂੰ ਪਸੰਦ ਕੀਤਾ ਪਰ ਜ਼ਰਾ ਹੋਰ ਵਿਸਤਾਰ ਦੀ ਲੋੜ ਦਸੀ।

ਸਤਿਗੁਰੂ ਜੀ ਨੇ ਮੈਨੂੰ ਦਸਿਆ ਕਿ ਪੰਜਾਬ ਦੀ ਕਮਿਊਨਿਸਟ ਪਾਰਟੀ ਦੀ ਨਵੀਂ ਚੋਣ ਵਿਚ ਸੁਰਜੀਤ ਵਿਰੋਧੀ ਗਰੁਪ ਅਗੇ ਆਇਆ ਹੈ ਤੇ ਕਾ. ਮਲਹੋਤਰਾ ਸਕਤਰ ਬਣਾਇਆ ਗਿਆ ਹੈ। ਸਤਿਗੁਰਾਂ ਦਸਿਆ ਕਿ ਉਹ ਪਾਰਟੀ ਨਾਲ ਕੁਛ ਸੰਪਰਕ ਬਣਾਈ ਰਖਦੇ ਹਨ।

ਸਤਿਗੁਰਾਂ ਸੰਤ ਫਤਹ ਸਿਘ ਗਰੁਪ ਦੇ ਅਖਬਾਰ ਬਾਰੇ ਵੀ ਦਸਿਆ ਕਿ ਉਹ ਬਾਤ ਦਾ ਬਤੰਗੜ ਤੇ ਅਣਸੁਣਿਆਂ ਨੂੰ ਸੁਣਾਨ ਵਿਚ ਲਾਸਾਨੀ ਹੈ।

ਅਨੰਦ ਭਰੇ ਵਾਤਾਵਰਣ ਵਿਚ ੧ ਵਜੇ ਇਹ ਸਭਾ ਵਿਸਰਜਤ ਹੋਈ।

Sri Satguru Jagjit Singh Ji Elibrary NamdhariElibrary@gmail.com

੨ ਦਸੰਬਰ ੧੯੬੨

ਜੀਵਨ ਨਗਰ

ਸਤਿਗੁਰੂ ਜੀ ਉਚੇਚੇ ਤੌਰ ਤੇ ਕੁਛ ਸਮੇ ਲਈ ਸਕੂਲ ਗਏ। ਏਥੇ ਪੰਡਿਤ ਗੋਪਾਲ ਸਿੰਘ ਤੋਂ ਗੁਰ ਸਿਖੀ ਤੇ ਲੇਕਚਰ ਦਿਵਾਕੇ ਮੁੜ ਕੁਝ ਆਪ ਵੀ ਬਚਿਆਂ ਨੂੰ ਦਸਿਆ। ਸਵਾਲ ਕਰਦੇ ਤੇ ਉੱਤਰ ਲੈਂਦੇ ਰਹੇ।

ਸਾਰਾ ਦਿਨ ਸਤਿਗੁਰੂ ਆਪਣੇ ਛੋਟੇ ਭਾਈ ਨਾਲ ਹੀ ਵਿਚਾਰ ਵਟਾਂਦਰੇ ਵਿਚ ਵਿਅਸਤ ਰਹੇ। ਥੋੜਾ ਸਮਾ ਸੰਗਤ ਨੂੰ ਵੀ ਦਰਸ਼ਨ ਨਸੀਬ ਹੋਏ।

ਲਾਇਬਰੇਰੀ ?

੧੨ ਵਜੇ ਦੇ ਕਰੀਬ ਮਹਾਰਾਜ ਬੀਰ ਸਿੰਘ ਜੀ ਮੇਰੇ ਮੋਢੇ ਤੇ ਹੱਥ ਰਖਕੇ ਕਹਿਣ ਲਗੇ: ਆਓ ਤੁਹਾਡੇ ਨਾਲ ਸਲਾਹ ਕਰ ਲਈਏ, ਫਿਰ ਕਹੋਗੇ ਕੁਛ ਪੁਛਿਆ ਦਸਿਆ ਨਹੀਂ। ਮੇਰੇ 'ਕਾਹਦੀ ?' ਪੁਛਣ ਤੇ ਲਾਇਬਰੇਰੀ ਲਈ ਥਾਂ ਚੁਣਨ ਬਾਰੇ ਦਸਿਓ ਨੇ। ਮੈਂ ਆਪਣੇ ਡੇਰੇ ਲਿਆਕੇ ਉਨ੍ਹਾਂ ਨੂੰ ਦਸਿਆ: ਮੇਰਾ ਕਮਰਾ ਢਾਹ ਕੇ ਪੱਕਾ ਬਣਵਾਓ, ਅਗੇ ਵਰਾਂਡਾ ਬਣਵਾ ਦਿਓ। ਫਿਰ ਮੇਰੇ ਕਮਰੇ ਦੀ ਛੱਤ ਤੇ ਇਕ ਹੋਰ ਕਮਰਾ ਪਾ ਕੇ ਏਥੇ ਲਾਇਬਰੇਰੀ ਦਾ ਪ੍ਰਬੰਧ ਕਰੋ। ਮੇਰੇ ਨੇੜੇ ਰਹੇਗੀ ਤੇ ਪ੍ਰਬੰਧ ਵਿਚ ਮੈਂ ਸਹਿਯੋਗ ਦਿਆਂਗਾ। ਜਾਂ ਫਿਰ ਬਾਗ ਨਾਲ ਲਗਦੇ ਘੋੜਿਆਂ ਦੇ ਹਾਤੇ ਨੂੰ ਲਾਇਬਰੇਰੀ ਉਸਾਰ ਕੇ ਬਦਲ ਦਿਓ।

ਨਾਰਾਜ਼ਗੀ

ਮੈਂ ਸਤਿਗੁਰੂ ਜੀ ਨੂੰ ਕਦੇ ਗੁੱਸੇ ਵਿਚ ਭਖਦਿਆਂ ਨਹੀਂ ਸੀ ਵੇਖਿਆ ਪਰ ਅੱਜ ਉਹ ਕੁਝ ਨਿਕਟੀ ਸਿੰਘਾਂ ਨਾਲ ਕਾਫੀ ਨਾਰਾਜ਼ਗੀ ਵਿਚ ਸਨ। ਉਨ੍ਹਾ ਕਿਹਾ ਨਿਕਲ ਜਾਓ ਕੋਠੀਓਂ। ਤੁਸੀਂ ਮਿਲਨੀਆਂ ਕਰਦੇ ਓ ? ਬਾਹਰ ਲੋਕ ਸਾਡੀ ਸ਼ੋਭਾ ਕਰਦੇ ਹਨ ਕਿ ਅਸੀਂ ਫਜ਼ੂਲ ਖਰਚੀਆਂ ਤੋਂ ਪਰਹੇਜ਼ ਕਰਦੇ ਹਾਂ ਤੇ ਤੁਸੀਂ ਹੋ ਕਿ ਤਹਾਡਾ ਜੀ ਮੁੜ ਮੁੜ ਚਿੱਕੜ ਵਿਚ ਫਸਣ ਤੇ ਕਰਦਾ ਹੈ। ਜਾਓ ਚਲੇ ਜਾਓ।

੩ ਦਸੰਬਰ ੧੯੬੨

ਜੀਵਨ ਨਗਰ

ਪਤਾ ਲਗਾ ਕਿ ਆਸਾ ਦੀ ਵਾਰ ਸਮੇਂ ਕੁਝ ਸਿੰਘਾਂ ਨੇ ਸਜ਼ਾ ਲੁਆਕੇ, ਮਾਫੀ ਮੰਗ ਲਈ ਹੈ।

ਪੰਡਿਤ ਗੋਪਾਲ ਸਿੰਘ ਜੀ ਅਜ ਕੁਛ ਸਮਾਂ ਮੇਰੇ ਪਾਸ ਬੈਠੇ। ਕਈ ਪਰਕਾਰ ਦੀਆਂ ਗੱਲਾਂ ਬਾਤਾ ਕਰਦਿਆਂ ਉਨਾ ਅੰਤ, ਸਤਿਗੁਰੂ ਜਗਜੀਤ ਸਿੰਘ ਜੀ ਦੀ ਮੁਕਤ ਕੰਠ ਪ੍ਰਸ਼ੰਸਾ ਕੀਤੀ। ਅੰਤੇ ਉਨ੍ਹਾਂ ਇਕ ਘਟਨਾ ਸੁਣਾਈ।

ਭਾਈ ਵਜ਼ੀਰ ਸਿੰਘ ਜੀ ਦੀ ਸਤਿਗੁਰੂ ਪ੍ਰਤਾਪ ਸਿੰਘ ਜੀ ਬੜੀ ਮੰਨਦੇ ਸਨ। ਮਹਾਰਾਜ ਜਗਜੀਤ ਸਿੰਘ ਜੀ ਨਾਲ ਭਾਈ ਹੁਰਾਂ ਦੀ ਸਖਤ ਨਾਰਾਜ਼ਗੀ ਸੀ। ਇਕ ਦਿਨ ਭਾਈ ਜੀ ਮਹਾਰਾਜ ਜੀ ਨੂੰ ਕਹਿਣ ਲਗੇ: ਕੀ ਰੋਜ਼ ਦੀ ਚਬੜ-ਚਬੜ ਲਾਈ ਹੋਈ ਜੇ। ਕਰ ਲਓ ਖਾਂ ਗੱਲ ਜਿਹੜੀ ਅਜ ਕਰਨੀ ਜੇ। ਮਹਾਰਾਜ ਜੀ ਨੇ ਬੜੀ ਅਧੀਨਗੀ ਨਾਲ ਕਿਹਾ: ਭਾਈ ਸਾਹਿਬ ਮੇਰਾ ਸਿਰ ਤੇ ਤੁਹਾਡੀਆਂ ਜੁੱਤੀਆਂ ਹੋਰ ਕੀ ਆਂਹਦੇ ਹੋ। ਤੁਸੀਂ ਸਤਿਗੁਰੂ ਜੀ ਦੇ ਮਕਬੂਲ ਸੇਵਕ ਹੋ।...ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਸਵਰਗ ਸਿਧਾਰ ਗਏ ਤਾਂ ਓਸੇ ਭਾਈ ਜੀ ਦੇ ਦੋ ਵਾਰ ਦਰਸ਼ਨ ਕਰਨ ਜਾਇਆ ਕਰਨ ਰੋਜ਼। ਭਾਈ ਜੀ ਦੀ ਨਾਰਾਜ਼ਗੀ ਮੜੀਆਂ ਤਕ ਨਾਲ ਗਈ। ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੱਡੀ ਤੋਂ ਵੱਡੀ ਤਾਕਤ ਪਾਸ ਰਖਦਿਆਂ ਵੀ ਭਾਈ ਜੀ ਨੂੰ ਉਹੋ ਦਿਨ ਚੇਤੇ ਕਰਵਾਇਆ ਕਿਹਾ: ਮੈਂ ਭਾਈ ਜੀ ਅਜ ਵੀ ਲਾਹੌਰ ਵਾਲੀ ਗੱਲ ਮਨ ਵਿਚ ਰਖਦਾ ਹਾਂ, ਤੁਸੀਂ ਜਿਵੇਂ ਮਰਜ਼ੀ ਸਮਝੋ। ਪੰਡਿਤ ਜੀ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਇਹ ਕੁਝ ਸੁਣ ਮੈਨੂੰ ਹਾਰਦਿਕ ਪ੍ਰਸੰਨਤਾ ਹੋਈ ਮੈਂ ਉਨ੍ਹਾਂ ਦੀ ਉਦਾਰਤਾ ਦਾ ਕਾਇਲ ਸਾਂ ਇਹ ਉਹਨਾਂ ਦੀ ਸਹਿਨਸ਼ੀਲਤਾ ਦੀ ਸਿਖਰ ਸੀ।

ਰਾਤੀਂ, ਸਤਿਗੁਰੂ ਜੀ ਦੇ ਸਕਤ੍ਰ-ਕਮ-ਡ੍ਰਾਈਵਰ ਗੁਰਦੇਵ ਸਿੰਘ ਦੇ ਕਮਰੇ ਵਿਚ ਗਿਆ ਤਾਂ ਸਤਿਗੁਰੂ ਜੀ ਵੀ ਉਥੇ ਸਾਰੀ ਆਈ ਡਾਕ ਦੇ ਜਵਾਬ ਲਿਖਵਾਣ ਲਈ ਬੈਠੇ ਮਿਲੇ। ੮-੧੫ ਦਾ ਵਕਤ ਸੀ। ਏਥੇ ਮੈਨੂੰ ਵੀ ਗੱਲ ਬਾਤ ਕਰਨ ਦਾ ਇਤਫਾਕ ਮਿਲ ਗਿਆ।

ਸਤਿਗੁਰਾਂ ਨੂੰ ਮੈਂ ਜੀਵਨ ਨਗਰ ਹਵਾਈ ਅਡੇ ਦੀ ਤਿਆਰੀ ਬਾਰੇ ਪੁਛਿਆ। ਸਤਿਗੁਰਾਂ ਦਸਿਆ: ਇਹ ਅੱਡਾ ਮੈਂ ਡੇਢ ਸਾਲ ਤੋਂ ਸੋਚ ਰਿਹਾ ਸਾਂ, ਪਰ ਐਤਕਾਂ ਫਸਲ ਵਗੈਰਾ ਦੀ ਕੋਈ ਪਰਵਾਹ ਨ ਕਰਕੇ ੧੩ ਏਕੜ ਜਗਹ ਨੂੰ ਹਵਾਈ ਅੱਡੇ ਲਈ ਖਾਲੀ ਕਰਵਾ ਦਿਤਾ ਹੈ। ਜਲਦੀ ਹੀ ਜੀਵਨ ਨਗਰ ਵਿਚ ਫਲਾਇੰਗ ਕਲੱਬ ਖੁਲ੍ਹ ਜਾਵੇਗੀ। ਇਸ ਨਾਲ ਸਾਨੂੰ ਵੀ ਜਲੰਧਰ ਅਤੇ ਚੰਡੀਗੜ੍ਹ ਜਾਣ ਲਈ ਇਕੋ ਘੰਟਾ ਸਮਾ ਲਗਿਆ ਕਰੇਗਾ।

ਮੇਰੇ ਪੁਛਣ ਤੇ ਕਿ ਕੀ ਆਪਣਾ ਜਹਾਜ਼ ਵੀ ਕੋਈ ਖਰੀਦਿਆ ਗਿਆ ਹੈ, ਉੱਤਰ ਮਿਲਿਆ: ਸੋਚ ਰਹੇ ਹਾਂ ਕਿ ਜਹਾਜ਼ ਵੀ ਕੋਈ ਆਪਣਾ ਹੀ ਤਿਆਰ ਕਰ ਲਈਏ।

ਜੀਵਨ ਨਗਰ ਦੇ ਪਰੈਸ ਦੀਮ ਜ਼ਬ੍ਤੀ ਬਾਰੇ ਵੀ ਮੈਂ ਏਥੇ ਹੀ ਗੱਲ ਬਾਤ ਕੀਤੀ। (ਚਲਦਾ)

Sri Satguru Jagjit Singh Ji Elibrary NamdhariElibrary@gmail.com

ਰਆਮ ਸੰਧੂ ਦੀ ਨਵੀਂ ਪੁਸ਼ਤਕ ਉਤੇ ਗੋਸ਼ਟੀ :

ਦਰੀ ਪੰਜਾਬੀ ਲੇਖਕ ਸਭਾ ਵਲੋਂ ਚੰਡੀਗੜ੍ਹ ਵਿਚ

ਕ ਸਫਲ ਸਾਹਿਤ ਸਮਾਗਮ :

ਚੰਡੀਗੜ੍ਹ ਪੰਜਾਬੀ ਪ੍ਰਕਾਸ਼ਨਾਵਾਂ ਵਲ ਪਾਠਕਾਂ ਦਾ ਆਨ ਖਿੱਚਣ ਅਤੇ ਨਰੋਈ ਆਲੋਚਨਾਂ ਦੀ ਪਿਰਤ ਪਾਉਣ ਉਦੇਸ਼ ਨਾਲ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਆਂ ਛਪੀਆਂ ਪੁਸਤਕਾਂ ਉੱਤੇ ਗੋਸ਼ਟੀਆਂ ਦੀ ਲੜੀ ਵਿਚ ਸਤੰਬਰ ਨੂੰ ਵਰਿਆਮ ਸੰਧੂ ਦੇ ਨਵੇਂ ਕਹਾਣੀ ਸੰਗ੍ਰਹਿ ਗ ਸੰਗ' ਉਤੇ ਪੰਜਾਬ ਯੂਨੀਵਰਸਿਟੀ ਦੇ ਗਾਂਧੀ ਭਵਨ ਤ ਇਕ ਸਫਲ ਸਾਹਿਤ ਗੋਸ਼ਟੀ ਹੋਈ। ਚੰਡੀਗੜ੍ਹ ਅਤੇ ਰੇ ਸ਼ਹਿਰਾਂ ਤੋਂ ਪੁਜੇ ਲਗ ਪਗ ਡੇਢ ਸੌ ਸਾਹਿਤਕਾਰ, ਲੋਚਕ ਤੇ ਬੁਧੀਜੀਵੀ ਇਸ ਗੋਸ਼ਟੀ ਵਿਚ ਹਾਜ਼ਰ ਸਨ, ਸ ਦੀ ਪ੍ਰਧਾਨਗੀ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਪ੍ਰੋ. ਦਰ ਸਿੰਘ ਨਰੂਲਾ ਨੇ ਕੀਤੀ। ਗੋਸ਼ਟੀ ਦਾ ਉਦਘਾਟਨ ਆਲੋਚਕ ਸਰਦਾਰ ਪ੍ਰੀਤਮ ਸਿੰਘ ਪੀ.ਸੀ.ਐਸ. ਨੇ ਤਾ। ਤਿੰਨ ਵਿਦਵਾਨਾਂ—ਪ੍ਰੋ. ਪਿਆਰਾ ਸਿੰਘ ਭੋਗਲ, ਸ੍ਰੀ ਭਜਨ ਹਲਵਾਰਵੀ ਅਤੇ ਪ੍ਰੋ. ਸਾਧੂ ਸਿੰਘ ਨੇ ਵਿਚਾਰ ਅਧੀਨ ਤਕ ਉਤੇ ਆਪਣੇ ਪੇਪਰ ਪੜ੍ਹੇ, ਅਤੇ ਪੁਸਤਕ ਦੇ ਲੇਖਕ ਰਿਆਮ ਸੰਧੂ ਨੇ ਆਪਣੀ ਰਚਨਾ ਪ੍ਰਕ੍ਰਿਆ ਅਤੇ ਦ੍ਰਿਸ਼ਟੀ ਦੇ ਧ ਵਿਚ ਮਹਤੱਵਪੂਰਨ ਜਾਣਕਾਰੀ ਦਿੱਤੀ।

ਗੋਸ਼ਟੀ ਦੇ ਆਰੰਭ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਜਨਰਲ ਸਕੱਤਰ ਪ੍ਰੋ. ਰਘਬੀਰ ਸਿੰਘ ਨੇ ਕਿਹਾ ਕਿ ਭਾਵੇਂ ਕ ਸੰਗਰਾਮੀ ਲੇਖਕ ਵਜੋਂ ਵਰਿਆਮ ਸੰਧੂ ਨੂੰ ਨਕਸਲਵਾਦੀ ਹਰ ਦੇ ਚੜ੍ਹਆ ਸਮੇਂ ਉਸਦੇ ਸਮਾਨਾਂਤਰ ਬਹੁਤ ਲੋਕ- ਨਤਾ ਮਿਲੀ ਸੀ, ਪਰ ਵਰਿਆਮ ਸੰਧੂ ਦੀ ਉਸ ਲੋਕ ਨਤਾ ਦਾ ਨਵੀਂ ਪੀੜ੍ਹੀ ਦੇ ਇਕ ਉਭਰਵੇਂ ਕਹਾਣੀਕਾਰ ਾਂ ਉਸਦੀ ਹੁਣ ਦੀ ਮਾਨਤਾ ਨਾਲ ਕੋਈ ਸੰਬੰਧ ਨਹੀਂ। ਨੇ ਇਹ ਥਾਂ ਆਪਣੀ ਉਸ ਪ੍ਰਤਿਭਾ ਸਦਕਾ ਹਾਸਿਲ ਕੀਤੀ ਜਿਸਦਾ ਪ੍ਰਮਾਣ ਉਸਨੇ ਭਰਪੂਰ ਮਾਤਰਾ ਵਿਚ ਪਿਛਲੇ ਸਮੇਂ ਵਿਚ ਛਪੀਆਂ ਆਪਣੀਆਂ ਕਹਾਣੀਆਂ ਵਿਚ ਦਿਤਾ ਹੈ। ਉਸ ਕੋਲ ਅਮੀਰ ਅਨੁਭਵ ਵੀ ਹੈ ਤੇ ਇਸ ਅਨੁਭਵ ਨੂੰ ਕਲਾਮਈ ਰੂਪ ਦੇ ਸਕਣ ਦੀ ਸਮਰਥਾ ਵੀ। ਇਸੇ ਲਈ ਕੇਂਦਰੀ ਸਭਾ ਨੇ ਇਹੋ ਯੋਗ ਸਮਝਿਆ ਹੈ ਕਿ ਨਵੀਂ ਪੀੜ੍ਹੀ ਦੇ ਇਸ ਉਭਰਦੇ ਲੇਖਕ ਦੀ ਪੁਸਤਕ ਉਤੇ ਚਰਚਾ ਕਰਵਾਈ ਜਾਵੇ।

ਪੁਸਤਕ ਉਤੇ ਪੇਪਰ ਪੜ੍ਹਨ ਵਾਲੇ ਤਿੰਨ ਹੀ ਵਿਦਵਾਨ ਭੋਗਲ, ਹਲਵਾਰਵੀ ਤੇ ਸਾਧੂ ਸਿੰਘ ਇਸ ਗਲ ਉਤੇ ਸਹਿਮਤ ਸਨ ਕਿ ਵਰਿਆਮ ਦੀ ਯਥਾਰਥ ਉਤੇ ਪਕੜ ਬਹੁਤ ਪੀਡੀ ਹੈ। ਉਸਦੀ ਵਡਿਆਈ ਇਸ ਗਲ ਵਿਚ ਹੈ ਕਿ ਉਹ ਸੱਚ ਨੂੰ ਬਿਆਨ ਕਰਨ ਵਿਚ ਕਿਸੇ ਤਰ੍ਹਾਂ ਦਾ ਸੰਗ ਸੰਕੋਚ ਜਾਂ ਲਿਹਾਜ਼ ਨਹੀਂ ਕਰਦਾ। ਪੇਂਡੂ ਕ੍ਰਿਸਾਣੀ ਅਤੇ ਸਮਾਜ ਦੀਆਂ ਨਿਚਲੀਆਂ ਪਰਤਾਂ ਦੀ ਉਸਦੀ ਉਪਭਾਵਕਤਾ ਵਿਹੀਣ ਤੇ ਰੁਮਾਂਸ ਰਹਿਤ ਪੇਸ਼ਕਾਰੀ ਉਸਨੂੰ ਇਕ ਉਤਮ ਯਥਾਰਥਵਾਦੀ ਰਚਨਾਕਾਰ ਬਣਾਉਂਦੀ ਹੈ। ਇਕ ਚੰਗੇ ਰਚਨਾਕਾਰ ਵਾਂਗ ਉਹ ਵੀ ਆਪਣੀ ਰਚਨਾ ਵਿਚ ਬਹੁਤ ਵਾਰ ਆਪਣੇ ਵਿਚਾਰਾਂ ਤੋਂ ਉਪਰ ਉਠ ਜਾਂਦਾ ਹੈ। ਉਸਦੀ ਕਹਾਣੀ ਵਿਚ ਰਵਾਇਤੀ ਸੰਜਮ ਦੀ ਅਣਹੋਂਦ ਵੀ ਉਸਦੇ ਅਮੀਰ ਅਨੁਭਵ ਦਾ ਹੀ ਪ੍ਰਮਾਣ ਹੈ।

ਖੁਲੀ ਚਰਚਾ ਵਿਚ ਭਾਗ ਲੈਣ ਵਾਲੇ ਬੁਲਾਰਿਆ ਡਾਕਟਰ ਕੇਸਰ ਸਿੰਘ ਕੇਸਰ, ਸ੍ਰੀ ਜੋਗਾ ਸਿੰਘ, ਪ੍ਰੋਫੈਸਰ ਤੇਜਵੀਰ ਕਸੇਲ, ਸ੍ਰੀ ਲੋਕ ਨਾਥ ਅਤੇ ਸ੍ਰੀ ਪ੍ਰੀਤਮ ਸਿੰਘ ਗੁਰਾਇਆਂ ਨੇ ਵੀ ਵਰਿਆਮ ਦੀ ਕਹਾਣੀ ਕਲਾ ਉਤੇ ਪੇਪਰ ਲਿਖਣ ਵਾਲੇ ਵਿਦਵਾਨਾਂ ਵਲੋਂ ਪ੍ਰਗਟਾਏ ਮੱਤਾਂ ਨਾਲ ਮੋਟੇ ਤੌਰ ਤੇ ਸਹਿਮਤੀ ਪ੍ਰਗਟ ਕੀਤੀ। ਪਰ ਸ੍ਰੀ ਤੇਜਬੀਰ ਕਸੇਲ ਰਚਨਾ ਦੀ ਵਸਤ ਦੀ ਥਾਂ ਰੂਪ ਵਲੋਂ ਅਧਿਐਨ ਕਰਨ ਦੇ ਹੱਕ ਵਿਚ ਸਨ, ਜਦ ਕਿ ਸ੍ਰੀ ਲੋਕ ਨਾਥ ਨੇ ਉਤਮ ਸਾਹਿਤ ਰਚਨਾ ਦਾ ਮਾਪਦੰਡ ਕੀ ਹੋਵੇ, ਇਸ ਦੀ ਚਰਚਾ ਛੇੜੀ। ਸ੍ਰ: ਪ੍ਰੀਤਮ ਸਿੰਘ ਨੂੰ ਵਰਿਆਮ ਸੰਧੂ ਦੀ ਕਹਾਣੀ ਵਿਚ ਕਈ ਚੰਗੇ ਪੱਖ ਨਜ਼ਰ ਆਉਂਦੇ ਸਨ, ਪਰ ਉਹਨਾ ਨੂੰ ਇਤਰਾਜ਼ ਸੀ ਕਿ ਵਰਿਆਮ ਹਾਲੀਂ ਰਵਾਇਤੀ ਰੂਪ ਵਾਲੀ ਰਚਨਾ ਹੀ ਕਰ ਰਿਹਾ ਹੈ। ਉਸ ਦੀ ਰਚਨਾ ਦਾ ਮੂਲ ਸ਼ੋਸਓਲਾਜੀਕਲ

Sri Satguru Jagjit Singh Ji Elibrary NamdhariElibrary@gmail.com

ਹੀ ਹੈ । ਮਨੋਵਿਸ਼ਲੇਸ਼ਨ ਅਤੇ ਹੋਰ ਆਧੁਨਿਕ ਵਿਧੀਆਂ ਦੀ ਵੀ ਉਹ ਘੱਟ ਹੀ ਵਰਤੋਂ ਕਰਦਾ ਹੈ। ਪਰ ਪੇਪਰ ਲੇਖਕਾਂ ਸਮੇਤ ਬਹੁਤੇ ਬੁਲਾਰੇ ਇਹ ਸਮਝਦੇ ਸਨ ਕਿ ਜਿਸ ਪ੍ਰਕਾਰ ਦੇ ਸਾਧਾਰਨ ਪੇਂਡੂ ਪਾਤਰਾਂ ਦਾ ਚਿਤਰਨ ਵਰਿਆਮ ਕਰਦਾ ਹੈ ਉਹਨਾਂ ਵਿਚ ਸ਼ਹਿਰੀ ਮਧਵਰਗੀ ਮਨੁੱਖਾਂ ਵਰਗੀ ਜਟਿਲ ਮਾਨਸਿਕ ਹਲਚਲ ਨਹੀਂ ਹੁੰਦੀ । ਤਦ ਵੀ ਵਰਿਆਮ ਆਪਣੇ ਪਾਤਰਾਂ ਦੇ ਕੇਵਲ ਬਾਹਰੀ ਪੱਖ ਉਤੇ ਹੀ ਨਹੀਂ, ਉਹਨਾਂ ਦੇ ਅੰਦਰ ਵੀ ਭਰਪੂਰ ਝਾਤ ਪੁਆਉਂਦਾ ਹੈ ।

ਵਿਚਾਰ ਚਰਚਾ ਦੌਰਾਨ ਆਮ ਗੋਸ਼ਟੀਆਂ ਵਾਂਗ ਸਮਾਜ ਦੀ ਵਰਤਮਾਨ ਸਥਿਤੀ, ਇਸ ਵਿਚ ਵਿਭਿੰਨ ਵਰਗਾਂ ਦੇ ਰੋਲ, ਕ੍ਰਾਂਤੀਕਾਰੀ ਸ਼ਕਤੀਆਂ ਤੇ ਲਹਿਰਾਂ ਆਦਿ ਦਾ ਪ੍ਰਸੰਗਕ ਰੂਪ ਵਿਚ ਜ਼ਿਕਰ ਹੋਇਆ ਪਰ ਸਮੁੱਚੀ ਗੋਸ਼ਟੀ ਵਿਸ਼ੇ ਉਤੇ ਕੇਂਦ੍ਰਿਤ ਰਹੀ ।

ਵਰਿਆਮ ਸੰਧੂ ਨੇ ਆਪਣੇ ਆਲੋਚਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸਨੇ ਹਾਲੇ ਬਹੁਤ ਕੁਝ ਸਿੱਖਣਾ ਹੈ । ਜੋ ਪ੍ਰਸੰਸਾ ਉਸਨੂੰ ਮਿਲੀ ਹੈ, ਉਸਤੋਂ ਉਹ ਕਦਾਚਿਤ ਬਦ-ਦਿਮਾਗ ਨਹੀਂ ਹੋਵੇਗਾ । ਆਲੋਚਕ ਤੋਂ ਉਹ ਬਹੁਤ ਕੁਝ ਸਿੱਖਣਾ ਚਾਹੁੰਦਾ ਹੈ । ਅਲੋਚਕ ਚੰਗੀ ਮੰਦੀ ਲਿਖਤ ਦਾ ਨਿਖੇੜਾ ਕਰ ਸਕਦਾ ਹੈ । ਪਰ ਆਲੋਚਕ ਕਿਸੇ ਸਿਰਜਕ ਨੂੰ ਦੱਸ ਨਹੀਂ ਸਕਦਾ ਕਿ ਚੰਗੀ ਰਚਨਾ ਕਿਵੇਂ ਹੋ ਸਕਦੀ ਹੈ । ਉਸ ਨੂੰ ਖੁਦ ਵੀ ਚੰਗੀ ਰਚਨਾਂ ਕਰਨ ਦੇ ਕਿਸੇ ਘੜੇ ਘੜਾਏ ਫਾਰਮੂਲੇ ਦਾ ਪਤਾ ਨਹੀਂ । ਪਰ ਉਹ ਕੇਂਦਰੀ ਲੇਖਕ ਸਭਾ ਦਾ ਰਿਣੀ ਹੈ ਕਿ ਪੰਜਾਬੀ ਲੇਖਕਾਂ ਦੀ ਇਸ ਉਘੀ ਸੰਸਥਾ ਨੇ ਉਸਦੀ ਪੁਸਤਕ ਨੂੰ ਚਰਚਾ ਦੇ ਯੋਗ ਸਮਝਕੇ ਗੋਸ਼ਟੀ ਦਾ ਆਯੋਜਨ ਕੀਤਾ ਹੈ ।

ਆਪਣੇ ਪ੍ਰਧਾਨਗੀ ਭਾਸ਼ਨ ਵਿਚ ਪ੍ਰੋਫੈਸਰ ਸੁਰਿੰਦਰ ਸਿੰਘ ਨਰੂਲਾ ਨੇ ਕਿਹਾ ਕਿ ਰਚਨਾਕਾਰ ਵਿਚ ਸੁਹਿਰਦਤਾ ਦਾ ਹੋਣਾ ਜ਼ਰੂਰੀ ਹੈ । ਸਾਹਿਤ ਦਾ ਸੱਚ ਵਾਦਾਂ ਦੇ ਸੀਮਿਤ ਘੇਰੇ ਤੋਂ ਅਗਾਂਹ ਨਿਕਲ ਜਾਂਦਾ ਹੈ । ਵਰਿਆਮ ਸੰਧੂ ਦੀਆਂ ਕਹਾਣੀਆਂ ਵਿਚ ਉਚੇਰੇ ਸਾਹਿਤ ਵਾਲੇ ਇਹ ਗੁਣ ਮੌਜੂਦ ਹਨ । ਪ੍ਰੋਫੈਸਰ ਨਰੂਲਾ ਨੇ ਨਕਸਲੀ ਲਹਿਰ ਦੇ ਪ੍ਰਭਾਵ ਅਧੀਨ ਅਤੇ ਇਸ ਨੂੰ ਵਿਸ਼ਾ ਬਣਾਕੇ ਰਚੇ ਗਏ ਸਾਹਿਤ ਦੇ ਮੁਲਾਂਕਣ ਲਈ ਗੋਸ਼ਟੀਆਂ ਦੇ ਆਯੋਜਨ ਦੀ ਲੋੜ ਉਤੇ ਵੀ ਜ਼ੋਰ ਦਿਤਾ । ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਉਹਨਾਂ ਅਜਿਹੇ ਸਮਾਗਮ ਰਚਣ 'ਤੇ ਵਧਾਈ ਦਿੱਤੀ । ਸਭਾ ਦੀਆਂ ਸਰਗਰਮੀਆਂ ਵਿਚ ਹੋਏ ਵਾਧੇ ਤੇ ਖੁਸ਼ੀ ਪ੍ਰਗਟ ਕਰਦਿਆਂ ਉਹਨਾਂ ਕਿਹਾ ਕਿ ਸਭਾ ਹੁਣ ਆਪਣੇ ਨਾਉਂ ਤੇ ਪਰੰਪਰਾ ਅਨੁਸਾਰ ਸਚਮੁਚ ਕੇਂਦਰੀ ਪੱਧਰ ਉਤੇ ਕੰਮ ਕਰਨ ਲੱਗੀ ਹੈ ।

ਸ੍ਰੀ ਰਘਬੀਰ ਸਿੰਘ ਨੇ ਦਸਿਆ ਕਿ ਸਭਾ ਛੇਤੀਂ ਹੀ ਜਗਤਾਰ, ਪਾਸ਼, ਪ੍ਰੇਮ ਪ੍ਰਕਾਸ਼, ਜਸਵੰਤ ਸਿੰਘ ਵਿਰਦੀ, ਸੰਤੋਖ ਸਿੰਘ ਧੀਰ, ਬਲਵੰਤ ਗਾਰਗੀ ਆਦਿ ਲੇਖਕਾਂ ਦੀ ਨਵੀਆਂ ਪੁਸਤਕਾਂ ਉਤੇ ਦੂਸਰੇ ਸ਼ਹਿਰਾਂ ਵਿਚ ਅਜਿਹੀਆਂ ਗੋਸ਼ਟੀਆਂ ਰੱਖ ਰਹੀ ਹੈ ।

ਦੋਆਬਾ ਸਾਹਿਤ ਅਕਾਡਮੀ ਕੁਲਾਰ ਦੀ ਸਲਾਨਾ ਚੋਣ

ਪਿਛਲੇ ਦਿਨੀਂ ਦੋਆਬਾ ਸਾਹਿਤ ਅਕਾਡਮੀ ਕੁਲਾਰ ਦੇ ਮੈਂਬਰਾਂ ਦੀ ਇਕਤਰਤਾ ਚੋਣ ਦੇ ਸੰਬਧ ਵਿੱਚ ਹੋਈ । ਸਰਬ ਸੰਮਤੀ ਨਾਲ ਚੰਨ ਮੋਮੀ ਪ੍ਰਧਾਨ, ਸੁਰਜੀਤ ਸਿੰਘ ਮੀਤ ਪ੍ਰਧਾਨ, ਕੰਵਰ ਇਮਤਿਆਜ਼ ਜਨਰਲ ਸਕੱਤਰ, ਮੱਖਣ ਬਾਬੱਲ ਸਹਾਇਕ ਸਕੱਤਰ ਅਤੇ ਦਿਲਬੀਰ ਕੁਲਾਰ ਵਿੱਤ ਸਕੱਤਰ ਚੁਣੇ ਗਏ । ਅਕਾਡਮੀ ਦੇ ਪ੍ਰਕਾਸ਼ ਵਿਭਾਗ ਦਾ ਕੰਮ ਡਾ. ਗੁਰਦੇਵ ਸਿੰਘ ਅਤੇ ਰਣਜੀਤ ਮਾਧੋਪੁਰੀ ਨੂੰ ਸੌਂਪਿਆਂ ਗਿਆ ।

ਸੇਠ ਚੰਦਰ ਹਾਂਸ ਨੂੰ ਵਧਾਈਆਂ

ਪ੍ਰਸਿਧ ਸੰਗੀਤਕਾਰ ਉਸਤਾਦ ਸੇਠ ਹਜ਼ੂਰ ਸਿੰਘ ਚੰਦਰਹਾਂਸ ਜੀ ਦੇ ਲੜਕੇ ਬਲਬੀਰ ਸਿੰਘ ਦਾ ਸ਼ੁਭ ਅਨੰਦ ਕਾਰਜ ਬੀਬੀ ਰਣਜੀਤ ਕੌਰ ਸਪੁਤਰੀ ਸ: ਬਲਦੇਵ ਸਿੰਘ ਜੀ ਦਿਲੀ ਨਾਲ ਮਿਤੀ ੩ ਜੇਠ ੨੦੩੭ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ । ਵਰਿਆਮ ਵਲੋਂ ਸੇਠ ਚੰਦਰਹਾਂਸ ਜੀ ਨੂੰ ਵਧਾਈਆਂ ਅਤੇ ਭੇਜੀ ਮਾਇਆ ਦਾ ਧਨਵਾਦ ।

Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF :

SUPERIOR QUALITY

SINGLE BARREL &

DOUBLE BARREL

B. L. 12 BORE

GUNS

Grams : SNIPER   Phone : 3805

MODERN GUN WORKS

Opp. Industrial Estate,

JAMMU CANTT.



੯ ਸਤੰਬਰ ੧੯੭੭ ਨੂੰ ਵਰਿਆਮ ਅਤੇ ਸੰਪਾਦਕ ਵਰਿਆਮ ਦੇ ਦੋਸਤ ਸ. ਪ੍ਰੀਤਮ ਸਿੰਘ ਜੀ ਜੰਮੂ ਵਾਲੇ ਚੜ੍ਹਾਈ ਕਰ ਗਏ ਸਨ । ਆਪ ਬਤੌਰ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਪਰਧਾਨ, ਜੰਮੂ ਸਟੇਟ ਪੀਸ ਕੌਂਸਲ ਦੇ ਸਕੱਤਰ, ਮਿਊਂਸਪਲ ਕੌਂਸਲ ਦੇ ਮੈਂਬਰ ਅਤੇ ਹੋਰ ਸਮਾਜਕ ਤੇ ਰਾਜਸੀ ਸੰਸਥਾਵਾਂ ਰਾਹੀਂ ਲੋਕ ਸੇਵਾ ਕਰਕੇ ਬਹੁਤ ਹਰਮਨ ਪਿਆਰੇ ਸਨ ।

ਉਹਨਾਂ ਦੀ ਬੇਵਕਤ ਵਿਦਾਈ ਨਾਲ 'ਵਰਿਆਮ' ਮੁਢਲੇ ਸਾਲਾਂ ਵਿਚ ਹੀ ਇਕ ਗੂੜ੍ਹੇ ਮਿਤਰ ਤੋਂ ਵਾਂਝਿਆਂ ਹੋ ਗਿਆ ਸੀ । ਅਤੇ ਉਹਨਾਂ ਦੀ ਜੁਦਾਈ ਸਾਨੂੰ ਹਮੇਸ਼ਾ ਖਟਕਦੀ ਰਹਿੰਦੀ ਹੈ । 'ਵਰਿਆਮ' ਦੀ ਉਨੰਤੀ ਦੀ ਉਹਨਾਂ ਨੂੰ ਬਹੁਤ ਲਿਲ੍ਹ ਸੀ । ਇਸ ਮੰਤਵ ਵਾਸਤੇ ਉਹ ਸਦਾ ਹੀ ਜਤਨ ਸ਼ੀਲ ਰਹਿੰਦੇ ਸਨ । ਅੱਜ ਉਹਨਾਂ ਦੀ ਤੀਸਰੀ ਬਰਸੀ ਤੇ ਅਸੀਂ ਉਹਨਾਂ ਦੀ ਯਾਦ ਵਿਚ ਸਿਰ ਝੁਕਾਂਉਂਦੇ ਹਾਂ ।

—ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

FREE INDIA GUN MANUFACTURERS

(Industrial Estate, Extention Area, Jammu Cantt.)

(SINGLE BARREL OR DOUBLE BARREL) 12 Bore Guns

Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 258411
Phones : Office : 250345
Resi. : 213054

ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬,

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS.

WOODEN & STEEL FURNITURE

PLEASE CONTACT .

NAMDHARI AGENCIES

2/2068 CHAH ANDARA,

(Behind Jubilee Cinema)

CHANDNI CHOWK, DELHI-110006

Sri Satguru Jagjit Singh Ji Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

ਕੁਆਲਟੀ ਮਾਰਕਡ





ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2737

HABI INDUSTRIES (Regd.)

10, Industrial Area,
PHAGWAA—144401.

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ASOKA BISCUIT

ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ

Phones : 565693
562588

Sri Hari Partap Trading Centre

6/85 W. E. A. KAROL BAGH

NEW DELHI-110005

Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM September
Registered with the registrar of News Papers for India No. 26453/75

WITH BEST COMPLIMENTS

FROM

Harbhajan Sarabjit Associates

ENGINEERS & CONTRACTORS

124, Dussehra Ground, K O T A - 9

(Rajasthan)

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ

Sri Satguru Jagjit Singh Ji Elibrary NamdhariElibrary@gmail.com